SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 64 | Friday, April 05, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' *Online* ਰੋਜ਼ਾਨਾ ਪੜ੍ਹ ਸਕਦੇ ਹੋ

## ਏਅਰਲਾਈਨਜ਼ ਨੇ ਆਖਿਆ: ਸੂਰਜ ਗ੍ਰਹਿਣ ਨਾਲ ਕੈਨੇਡੀਅਨ ਉਡਾਨਾਂ ਉੱਤੇ ਕੋਈ ਅਸਰ ਨਹੀਂ ਪਵੇਗਾ

ਟੋਰਾਂਟੋ, 4 ਅਪਰੈਲ (ਪੋਸਟ ਬਿਊਰੋ) : ਕੈਨੇਡੀਅਨ ਏਅਰਲਾਈਨਜ਼ ਦਾ ਕਹਿਣਾ ਹੈ ਕਿ ਸੋਮਵਾਰ ਨੂੰ ਲੱਗਣ ਵਾਲੇ ਸੂਰਜ ਗ੍ਰਹਿਣ ਦਾ ਉਡਾਨਾਂ ਉੱਤੇ ਕੋਈ ਅਸਰ ਨਹੀਂ ਪਵੇਗਾ। ਏਅਰਲਾਈਨਜ਼ ਨੇ ਆਖਿਆ ਕਿ ਪੈਸੈਂਜਰਜ ਨੂੰ ਆਪਣੀਆਂ ਅੱਖਾਂ ਦਾ ਧਿਆਨ ਰੱਖਣਾ ਹੋਵੇਗਾ।

ਏਅਰ ਕੈਨੇਡਾ ਨੇ ਆਖਿਆ ਕਿ ਸੋਮਵਾਰ ਦੁਪਹਿਰ ਨੂੰ ਜਦੋਂ ਪੂਰਬੀ ਕੈਨੇਡਾ ਦੇ ਕਈ ਹਿੱਸਿਆਂ ਵਿੱਚ ਸੂਰਜ ਉੱਤੇ ਚੰਦ ਦਾ ਪਰਛਾਵਾਂ ਪਵੇਗਾ ਤਾਂ ਉਸ ਸਮੇਂ ਏਅਰਲਾਈਨ ਦੇ ਕੰਮਕਾਜ ਉੱਤੇ ਕੋਈ ਅਸਰ ਨਹੀਂ ਹੋਵੇਗਾ। ਏਅਰਲਾਈਨ ਵੱਲੋਂ ਸਟਾਫ ਨੂੰ ਸਿੱਧੇ ਤੌਰ ਉੱਤੇ ਗ੍ਰਹਿਣ ਨੂੰ ਨਾ ਦੇਖਣ ਲਈ ਆਖਿਆ ਗਿਆ ਹੈ।



ਵੈਸਟ ਜੈੱਟ ਦਾ ਕਹਿਣਾ ਹੈ ਕਿ ਉਨ੍ਹਾ ਵੱਲੋਂ ਸੇਫਟੀ ਲਈ ਖਾਸ ਮਾਪਦੰਡ ਅਪਣਾਏ ਜਾਣਗੇ ਪਰ ਜਿਹੜੇ ਪੈਸੈਂਜਰ ਗ੍ਰਹਿਣ ਵੇਖਣਾ ਚਾਹੁਣਗੇ ਉਨ੍ਹਾਂ ਨੂੰ ਆਪਣੀਆਂ ਅੱਖਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਆਪ ਇੰਤਜ਼ਾਮ ਕਰਕੇ ਆਉਣਾ ਹੋਵੇਗਾ। ਏਅਰ ਟਰਾਂਜ਼ਿਟ ਵੱਲੋਂ ਯਾਤਰੀਆਂ ਨੂੰ ਆਪਣੀਆਂ ਖਿੜਕੀਆਂ ਦੇ ਸ਼ੇਡਜ਼ ਬੰਦ ਰੱਖਣ ਦੀ ਹਦਾਇਤ ਦਿੱਤੀ ਜਾਵੇਗੀ। ਟਰਾਂਸਪੋਰਟ ਕੈਨੇਡਾ ਵੱਲੋਂ ਮੰਗਲਵਾਰ ਨੂੰ ਇੱਕ ਐਡਵਾਈਜ਼ਰੀ ਜਾਰੀ ਕਰਕੇ ਇਹ ਆਖਿਆ ਗਿਆ ਸੀ ਕਿ ਹਨ੍ਹੇਰਾ ਰਹਿਣ ਤੇ ਟਵਾਈਲਾਈਟ ਵਾਲੇ ਹਾਲਤ ਰਹਿਣ ਕਾਰਨ ਪਾਇਲਟਸ ਉੱਤੇ ਇਸ ਦਾ ਅਸਰ ਪੈ ਸਕਦਾ ਹੈ।

## ਨਵੇਂ ਸਕੂਲਾਂ ਤੇ ਚਾਈਲਡ ਕੇਅਰ ਸਪੇਸਿਜ਼ ਦੇ ਨਿਰਮਾਣ ਲਈ ਫੋਰਡ ਸਰਕਾਰ ਖਰਚੇਗੀ 1.3 ਬਿਲੀਅਨ ਡਾਲਰ

ਓਨਟਾਰੀਓ, 4 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਦਾ ਕਹਿਣਾ ਹੈ ਕਿ ਸਕੂਲਾਂ ਦੇ ਨਿਰਮਾਣ ਤੇ ਉਨ੍ਹਾਂ ਦੇ ਪਸਾਰ ਲਈ ਪ੍ਰੋਵਿੰਸ ਵੱਲੋਂ 1.3 ਬਿਲੀਅਨ ਡਾਲਰ ਖਰਚ ਕੀਤੇ ਜਾ ਰਹੇ ਹਨ।

ਉਨ੍ਹਾਂ ਆਖਿਆ ਕਿ ਇਹ ਪੈਸਾ 27,093 ਨਵੀਆਂ ਸਟੂਡੈਂਟਸ ਸਪੇਸਿਜ਼ ਤਿਆਰ ਕਰਨ ਤੇ 1,759 ਚਾਈਲਡ ਕੇਅਰ ਸਪੇਸਿਜ਼ ਤਿਆਰ ਕਰਨ ਲਈ ਖਰਚਿਆ ਜਾਵੇਗਾ। ਪ੍ਰੋਵਿੰਸ ਦੇ ਤਾਜ਼ਾ ਬਜਟ ਵਿੱਚ ਕੀਤੇ ਗਏ ਐਲਾਨ ਅਨੁਸਾਰ ਇਹ ਰਕਮ ਅਗਲੇ 10 ਸਾਲਾਂ ਵਿੱਚ ਸਕੂਲਾਂ ਦੇ ਨਿਰਮਾਣ ਤੇ ਚਾਈਲਡ ਕੇਅਰ ਸਪੇਸਿਜ਼ ਤਿਆਰ ਕਰਨ ਲਈ



ਰੱਖੇ ਗਏ 16 ਬਿਲੀਅਨ ਡਾਲਰ ਦਾ ਹੀ ਹਿੱਸਾ ਹੈ। ਲਿਚੇ ਨੇ ਆਖਿਆ ਕਿ ਉਨ੍ਹਾਂ ਨੇ ਕੰਸਟ੍ਰਕਸ਼ਨ ਟਾਈਮਲਾਈਨਜ਼ ਵਿੱਚ ਕਟੌਤੀ ਕਰਨ ਦਾ ਪਲੈਨ ਵੀ ਪੇਸ਼ ਕੀਤਾ ਹੈ ਤੇ ਬੋਰਡਜ਼ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਕਿ ਨਵੇਂ ਸਕੂਲ ਕੰਸਟ੍ਰਕਸ਼ਨ ਦਾ ਡਿਜ਼ਾਈਨ ਥੋੜ੍ਹਾ ਠੀਕਠਾਕ ਰੱਖਣ ਤਾਂ ਕਿ ਤੇਜ਼ੀ ਨਾਲ ਉਨ੍ਹਾਂ ਦਾ ਨਿਰਮਾਣ ਹੋ ਸਕੇ।

ਓਨਟਾਰੀਓ ਪਬਲਿਕ ਸਕੂਲ ਬੋਰਡਜ਼ ਐਸੋਸਿਏਸ਼ਨ ਦੀ ਪ੍ਰੈਜ਼ੀਡੈਂਟ ਕੈਥੀ ਅਬਰਾਹਮ ਨੇ ਆਖਿਆ ਕਿ ਇਸ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਪ੍ਰੋਵਿੰਸ ਭਰ ਦੇ ਵਿਦਿਆਰਥੀਆਂ ਦੀ ਆਧੁਨਿਕ ਤੇ ਸਟੇਟ ਆਫ ਦ ਆਰਟ ਲਰਨਿੰਗ ਮਾਹੌਲ ਤੱਕ ਪਹੁੰਚ ਹੋਵੇ।

## ਹਾਥੀ ਦੇ ਹਮਲੇ ਵਿੱਚ ਅਮਰੀਕੀ ਔਰਤ ਦੀ ਮੌਤ



ਵਾਸ਼ਿੰਗਟਨ, 4 ਅਪ੍ਰੈਲ (ਪੋਸਟ ਬਿਊਰੋ): ਹਾਥੀ ਦੇ ਹਮਲੇ 'ਚ 80 ਸਾਲਾ ਅਮਰੀਕੀ ਔਰਤ ਦੀ ਮੌਤ ਹੋ ਗਈ। ਇਹ ਘਟਨਾ ਅਫਰੀਕੀ ਦੇਸ਼ ਜ਼ੈਂਬੀਆ ਦੇ ਸਭ ਤੋਂ ਵੱਡੇ ਕਾਫੂ ਨੈਸ਼ਨਲ ਪਾਰਕ ਵਿੱਚ ਵਾਪਰੀ। ਜਾਣਕਾਰੀ ਮੁਤਾਬਕ 31 ਮਾਰਚ ਨੂੰ ਸੈਲਾਨੀ ਵਾਈਲਡਰਨੈੱਸ ਜ਼ੈਂਬੀਆ ਗਰੁੱਪ ਦੇ ਫੋਟੋਗ੍ਰਾਫੀ ਟੂਰ 'ਤੇ ਸਨ। ਹਾਥੀ ਦੇ ਝੁੰਡ ਤੋਂ ਵੱਖ ਹੋਣ ਦੀ ਸੰਭਾਵਨਾ ਹੈ। ਉਸ ਨੇ ਪਹਿਲਾਂ ਸਫਾਰੀ ਟਰੱਕ ਦਾ ਪਿੱਛਾ ਕੀਤਾ। ਹਾਥੀ ਨੂੰ ਨੇੜੇ ਆਉਂਦਾ ਦੇਖ ਕੇ ਸੈਲਾਨੀ ਡਰ ਗਏ ਅਤੇ ਰੌਲਾ ਪਾਉਣ ਲੱਗੇ। ਫਿਰ ਅਚਾਨਕ ਹਾਥੀ ਨੇ ਉਸ ਦੇ ਸਿਰ ਨਾਲ ਟੱਕਰ ਮਾਰ ਦਿੱਤੀ ਅਤੇ ਸਫਾਰੀ ਟਰੱਕ ਨੂੰ ਉਲਟਾ ਦਿੱਤਾ। ਇਸ ਹਮਲੇ 'ਚ ਇਕ ਅਮਰੀਕੀ ਔਰਤ ਸਮੇਤ 6 ਲੋਕ ਜ਼ਖਮੀ ਹੋ ਗਏ। ਗੰਭੀਰ ਸੱਟਾਂ ਲੱਗਣ ਕਾਰਨ ਬਜ਼ੁਰਗ ਔਰਤ ਦੀ ਮੌਤ ਹੋ ਗਈ।

## ਦਰਹਾਮ 'ਚ ਸਾਹਮਣੇ ਆਇਆ ਮੀਜ਼ਲਜ਼ ਦਾ ਮਾਮਲਾ

ਦਰਹਾਮ, 4 ਅਪਰੈਲ (ਪੋਸਟ ਬਿਊਰੋ) : ਮੀਜ਼ਲਜ਼ ਦਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ ਤੇ ਇਸ ਵਾਰੀ ਇਹ ਦਰਹਾਮ ਰੀਜਨ ਵਿੱਚ ਪਾਇਆ ਗਿਆ ਹੈ। ਪਬਲਿਕ ਹੈਲਥ ਯੂਨਿਟ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਇਸ ਬਾਲਗ, ਜਿਸ ਨੂੰ ਮੀਜ਼ਲਜ਼ ਹੋਣ ਦੀ ਪੁਸ਼ਟੀ ਹੋਈ ਹੈ, ਨੇ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਰਾਹੀਂ ਸਫਰ ਕੀਤਾ ਸੀ।

ਦਰਹਾਮ ਰੀਜਨਲ ਪਬਲਿਕ ਹੈਲਥ ਨੇ ਦੱਸਿਆ ਕਿ ਇਹ ਵਿਅਕਤੀ 28 ਮਾਰਚ ਨੂੰ ਪੀਅਰਸਨ ਏਅਰਪੋਰਟ ਦੇ ਟਰਮੀਨਲ 3 ਉੱਤੇ 5:24 ਤੇ 8:45 ਦਰਮਿਆਨ ਉੱਥੇ ਹੀ ਸੀ। ਇਹ ਟਰੈਵਲਰ 28 ਮਾਰਚ ਨੂੰ ਸਵੇਰੇ 10:43 ਉੱਤੇ ਜੌਰਡਨ ਤੋਂ ਤੁਰਿਆ ਤੇ ਸ਼ਾਮੀਂ 5:30 ਵਜੇ ਤੋਂ ਪਹਿਲਾਂ ਪੀਅਰਸਨ ਏਅਰਪੋਰਟ ਉੱਤੇ ਪਹੁੰਚਿਆ। ਇਹ ਵਿਅਕਤੀ ਹੁਣ ਆਪਣੇ ਘਰ ਵਿੱਚ ਇੱਕਲਾ ਰਹਿ ਰਿਹਾ ਹੈ।



ਬੁੱਧਵਾਰ ਨੂੰ ਪਬਲਿਕ ਹੈਲਥ ਯੂਨਿਟ ਨੇ ਨਿਊਜ਼ ਰਲੀਜ਼ ਵਿੱਚ ਲਿਖਿਆ ਕਿ ਇਸ ਸਮੇਂ ਹੈਲਥ ਡਿਪਾਰਟਮੈਂਟ ਮਾਮਲੇ ਦੀ ਜਾਂਚ ਕਰ ਰਿਹਾ ਹੈ ਤੇ ਇਸ ਵਿਅਕਤੀ ਦੇ ਦਰਹਾਮ ਰੀਜਨ ਵਿੱਚ ਸੰਪਰਕ ਵਾਲੇ ਵਿਅਕਤੀਆਂ ਨੂੰ ਜਾਂਚਿਆਂ ਜਾ ਰਿਹਾ ਹੈ। ਇਸ ਤੋਂ ਇਲਾਵਾ ਦਰਹਾਮ ਰੀਜਨ ਤੋਂ ਬਾਹਰ ਵੀ ਇਸ ਵਿਅਕਤੀ ਦੇ ਸੰਪਰਕ ਵਿੱਚ ਆਉਣ ਵਾਲਿਆਂ ਦਾ ਪਤਾ ਲਾਇਆ ਜਾ ਰਿਹਾ ਹੈ।

ਮੀਜ਼ਲਜ਼ ਹੋਣ ਤੋਂ ਸੱਤ ਜਾਂ 21 ਦਿਨ ਬਾਅਦ ਇਸ ਦੇ ਲੱਛਣ ਸਾਹਮਣੇ ਆਉਂਦੇ ਹਨ ਤੇ ਇਨ੍ਹਾਂ ਵਿੱਚ ਬੁਖਾਰ ਹੋਣਾ, ਖੰਘ, ਨੱਕ ਵਗਣਾ ਤੇ ਥਕਾਵਟ ਮੁੱਖ ਹਨ। ਫਿਰ ਸਾਰੇ ਸ਼ਰੀਰ ਉੱਤੇ ਲਾਲ ਰੰਗ ਦੇ ਧੱਫੜ ਪੈ ਜਾਂਦੇ ਹਨ।

## ਬਰੈਂਪਟਨ ਦੇ ਕ੍ਰਾਈਮ ਸੀਨ ਤੋਂ ਗੰਨ ਮਿਲਣ ਤੋਂ ਬਾਅਦ ਟੋਰਾਂਟੋ ਦੇ ਪੁਲਿਸ ਅਧਿਕਾਰੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 4 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਸਰਵਿਸ (ਟੀਪੀਐਸ) ਦੇ ਇੱਕ ਕਾਂਸਟੇਬਲ ਨੂੰ ਉਸ ਸਮੇਂ ਚਾਰਜ ਕੀਤਾ ਗਿਆ ਜਦੋਂ ਉਸ ਦੀ ਗੰਨ ਕਥਿਤ ਤੌਰ ਉੱਤੇ ਬਰੈਂਪਟਨ ਦੇ ਉਸ ਕ੍ਰਾਈਮ ਸੀਨ ਤੋਂ ਬਰਾਮਦ ਹੋਈ ਜਿੱਥੇ ਗੋਲੀਆਂ ਚਲਾਈਆਂ ਗਈਆਂ ਸਨ।

ਵੀਰਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਟੀਪੀਐਸ ਨੇ ਆਖਿਆ ਕਿ ਪੀਲ ਰੀਜਨਲ ਪੁਲਿਸ (ਪੀਆਰਪੀ) ਵੱਲੋਂ 9 ਦਸੰਬਰ, 2023 ਨੂੰ ਰੁਦਰਫੋਰਡ ਰੋਡ ਸਾਊਥ ਤੇ ਕਲਾਰਕ ਬੁਲੇਵਾਰਡ ਨੇੜੇ ਇੱਕ ਕਾਰੋਬਾਰੀ ਅਦਾਰੇ ਨਾਲ ਵਾਪਰੀ ਘਟਨਾ ਦੀ ਕੀਤੀ ਜਾ ਰਹੀ ਜਾਂਚ ਤੋਂ ਇਹ ਚਾਰਜਿਜ਼ ਸਾਹਮਣੇ ਆਏ ਹਨ। ਪੀਆਰਪੀ ਅਨੁਸਾਰ ਦੋ ਮਸ਼ਕੂਕ ਇਲਾਕੇ ਵਿੱਚ ਆਏ ਤੇ ਇੱਕ ਨੇ ਹਥਿਆਰ ਕੱਢ ਕੇ ਕਾਰੋਬਾਰੀ ਅਦਾਰੇ ਉੱਤੇ ਕਈ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।

ਕੁੱਝ ਸਮੇਂ ਬਾਅਦ ਹੀ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤੇ ਉਨ੍ਹਾਂ ਇੱਕ ਮਸ਼ਕੂਕ ਨੂੰ ਗ੍ਰਿਫਤਾਰ ਕਰ



ਲਿਆ। ਪੁਲਿਸ ਨੂੰ ਉੱਥੋਂ ਦੋ ਹਥਿਆਰ, ਇੱਕ ਭਰਿਆ ਹੋਇਆ ਮੈਗਜ਼ੀਨ ਤੇ ਹੋਰ ਗੋਲੀ ਸਿੱਕਾ ਵੀ ਬਰਾਮਦ ਹੋਏ। ਬੀਸੀ ਨਾਲ ਸਬੰਧਤ 23 ਸਾਲਾਂ ਦੇ ਮਸ਼ਕੂਕ ਨੂੰ ਕਈ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ ਤੇ ਪੀਆਰਪੀ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਦੂਜਾ ਮਸ਼ਕੂਕ ਫਰਾਰ ਹੈ ਤੇ ਦੇਸ਼ ਛੱਡ ਕੇ ਵੀ ਚਲਾ ਗਿਆ ਹੋ ਸਕਦਾ ਹੈ। ਟੀਪੀਐਸ ਨੇ ਦੋਸ਼ ਲਾਇਆ ਕਿ ਜਾਂਚ ਦੌਰਾਨ ਪੀਆਰਪੀ ਨੇ ਪਾਇਆ ਕਿ ਬਰਾਮਦ ਕੀਤੇ ਗਏ ਹਥਿਆਰਾਂ ਵਿੱਚੋਂ ਇੱਕ 51 ਸਾਲਾ ਕਾਂਸਟੇਬਲ ਫਰੈਡਰਿੱਕ ਟੀਟੈਰੋ ਨਾਲ ਸਬੰਧਤ ਸੀ। ਇਸ ਹਥਿਆਰ ਦੇ ਕਦੇ ਵੀ ਚੋਰੀ ਹੋਣ ਜਾਂ ਗਾਇਬ ਹੋਣ ਬਾਰੇ ਕੋਈ ਰਿਪੋਰਟ ਨਹੀਂ ਲਿਖਵਾਈ ਗਈ। ਹੈਮਿਲਟਨ ਸਥਿਤ ਇਸ ਪੁਲਿਸ ਅਧਿਕਾਰੀ ਦੇ ਘਰ ਦੀ ਤਲਾਸ਼ੀ ਲੈਣ ਲਈ ਸਰਚ ਵਾਰੰਟ ਕਢਵਾਇਆ ਗਿਆ। ਜਾਂਚ ਦੌਰਾਨ ਪੁਲਿਸ ਨੂੰ ਘਰ ਵਿੱਚੋਂ ਲੋੜੋਂ ਵੱਧ ਭਰੇ ਮੈਗਜ਼ੀਨ ਤੇ ਵੀਹ ਰਜਿਸਟਰਡ ਹਥਿਆਰ ਬਰਾਮਦ ਹੋਏ ਜਿਨ੍ਹਾਂ ਨੂੰ ਬੜੀ ਲਾਪਰਵਾਹੀ ਨਾਲ ਰੱਖਿਆ ਗਿਆ ਸੀ।

ਵੀਰਵਾਰ ਨੂੰ ਟੀਪੀਐਸ ਨੇ ਐਲਾਨ ਕੀਤਾ ਕਿ ਟੀਟੈਰੋ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਖਿਲਾਫ ਕਈ ਚਾਰਜਿਜ਼ ਵੀ ਲਾਏ ਗਏ ਹਨ। ਉਹ ਪਿਛਲੇ 21 ਸਾਲਾਂ ਤੋਂ ਪੁਲਿਸ ਨਾਲ ਕੰਮ ਕਰ ਰਿਹਾ ਸੀ ਤੇ ਇਸ ਸਮੇਂ 14ਵੀਂ ਡਵੀਜ਼ਨ ਵਿੱਚ ਪੋਸਟਿਡ ਸੀ। ਉਸ ਨੂੰ ਪੁਲਿਸ ਸਰਵਿਸ ਐਕਟ ਤਹਿਤ ਤਨਖਾਹ ਸਮੇਤ ਸਸਪੈਂਡ ਕੀਤਾ ਗਿਆ ਹੈ।

## ਮਿਸੀਸਾਗਾ ਦੇ ਵਿਅਕਤੀ ਦਾ ਕਤਲ ਕਰਨ ਵਾਲਾ ਤੀਜਾ ਮਸ਼ਕੂਕ ਕਾਬੂ

### 19 ਸਾਲਾ ਹਸਨ ਫਰਹਤ ਤੇ 17 ਸਾਲਾਂ ਦੇ ਇੱਕ ਹੋਰ ਨੌਜਵਾਨ ਪਹਿਲਾਂ ਹੀ ਗ੍ਰਿਫ਼ਤਾਰ

ਟੋਰਾਂਟੋ, 4 ਅਪਰੈਲ (ਪੋਸਟ ਬਿਊਰੋ): ਫਰਵਰੀ ਵਿੱਚ ਸ਼ਹਿਰ ਦੇ ਪੱਛਮੀ ਸਿਰੇ ਉੱਤੇ ਇੱਕ 18 ਸਾਲਾ ਵਿਅਕਤੀ ਨੂੰ ਗੋਲੀ ਮਾਰ ਕੇ ਮਾਰਨ ਵਾਲੇ ਤੀਜੇ ਮਸ਼ਕੂਕ ਨੂੰ ਵੀ ਟੋਰਾਂਟੋ ਪੁਲਿਸ ਵੱਲੋਂ ਚਾਰਜ ਕੀਤਾ ਗਿਆ ਹੈ। ਉਸ ਖਿਲਾਫ ਸੈਕਿੰਡ ਡਿਗਰੀ ਮਰਡਰ ਦੇ ਚਾਰਜਿਜ਼ ਲਾਏ ਗਏ ਹਨ।

ਗੋਲੀਆਂ ਚੱਲਣ ਦੀਆਂ ਖਬਰਾਂ ਦੇ ਕੇ ਪੁਲਿਸ ਨੂੰ 6 ਫਰਵਰੀ, 2024 ਨੂੰ ਰਾਤੀਂ 1:30 ਵਜੇ ਦੇ ਨੇੜੇ ਤੇੜੇ ਬਲੂਅਰ ਸਟਰੀਟ ਵੈਸਟ ਤੇ ਲੈਂਡਸਡਾਊਨ ਐਵਨਿਊ ਏਰੀਆ ਵਿੱਚ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ।

ਬਾਅਦ ਵਿੱਚ ਉਸ ਦੀ ਪਛਾਣ



ਮਿਸੀਸਾਗਾ ਦੇ 18 ਸਾਲਾਂ ਦੇ ਇਸਾਇਆਹ ਜੰਗਰ ਵਜੋਂ ਕੀਤੀ ਗਈ। ਇਸ ਸਬੰਧ ਵਿੱਚ ਦੋ ਟੀਨੇਜਰਜ਼ ਨੂੰ ਚਾਰਜ ਕੀਤਾ ਗਿਆ ਸੀ ਜਦਕਿ ਤੀਜਾ ਫਰਾਰ ਸੀ। ਬੁੱਧਵਾਰ 3 ਅਪਰੈਲ ਨੂੰ ਇਸ ਤੀਜੇ ਵਿਅਕਤੀ ਓਟਵਾ ਦੇ 19 ਸਾਲਾ ਡੈਨ ਹਾਕੀਜ਼ਿਮਾਨਾ ਨੂੰ ਸੈਕਿੰਡ ਡਿਗਰੀ ਮਰਡਰ ਦੇ ਦੋਸ਼ਾਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਮਾਂਟਰੀਅਲ ਦੇ 19 ਸਾਲਾ ਹਸਨ ਫਰਹਤ ਤੇ 17 ਸਾਲਾਂ ਦੇ ਇੱਕ ਹੋਰ ਨੌਜਵਾਨ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ। 19 ਸਾਲਾਂ ਦੇ ਫੇਡ ਨਾਇਮ ਨੂੰ ਸੈਕਿੰਡ ਡਿਗਰੀ ਮਰਡਰ ਲਈ ਪੁਲਿਸ ਅਜੇ ਵੀ ਭਾਲ ਰਹੀ ਹੈ।

## ਰੂਸ ਨੇ ਯੂਕਰੇਨ 'ਚ ਫੌਜਾਂ ਦੀ ਤਾਇਨਾਤੀ ਵਿਰੁੱਧ ਫਰਾਂਸ ਨੂੰ ਦਿੱਤੀ ਚੇਤਾਵਨੀ

ਮਾਸਕੋ, 4 ਅਪ੍ਰੈਲ (ਪੋਸਟ ਬਿਊਰੋ): ਰੂਸ ਅਤੇ ਯੂਕਰੇਨ ਵਿਚਾਲੇ ਜੰਗ ਜਾਰੀ ਹੈ। ਇਸ ਦੌਰਾਨ, ਰੂਸ ਦੇ ਰੱਖਿਆ ਮੰਤਰੀ ਨੇ ਬੁੱਧਵਾਰ ਨੂੰ ਆਪਣੇ ਫਰਾਂਸੀਸੀ ਹਮਰੁਤਬਾ ਨੂੰ ਫੋਨ ਕੀਤਾ ਅਤੇ ਯੂਕਰੇਨ ਵਿੱਚ ਫੌਜਾਂ ਦੀ ਤਾਇਨਾਤੀ ਵਿਰੁੱਧ ਚੇਤਾਵਨੀ ਦਿੱਤੀ। ਰੂਸ ਦੇ ਰੱਖਿਆ ਮੰਤਰੀ ਨੇ ਕਿਹਾ ਕਿ ਮਾਸਕੋ ਸੰਘਰਸ਼ ਨੂੰ ਖਤਮ ਕਰਨ ਲਈ ਗੱਲਬਾਤ ਵਿੱਚ ਹਿੱਸਾ ਲੈਣ ਲਈ ਤਿਆਰ ਹੈ। ਰੂਸੀ ਰੱਖਿਆ ਮੰਤਰਾਲੇ ਦੇ ਇੱਕ ਬਿਆਨ ਅਨੁਸਾਰ, ਰੱਖਿਆ ਮੰਤਰੀ ਸਰਗੇਈ ਸ਼ੋਇਗੂ ਨੇ ਫਰਾਂਸ ਦੇ ਰੱਖਿਆ ਮੰਤਰੀ ਸੇਬੇਸਟੀਅਨ ਲੇਕੋਰਨੂ ਨੂੰ ਕਿਹਾ ਕਿ ਜੇਕਰ ਪੈਰਿਸ ਨੇ ਯੂਕਰੇਨ ਵਿਚ ਫਰਾਂਸੀਸੀ ਫੌਜਾਂ ਨੂੰ ਭੇਜਣ ਬਾਰੇ ਆਪਣੇ ਬਿਆਨਾਂ 'ਤੇ ਅਮਲ ਕੀਤਾ, ਤਾਂ ਇਹ ਫਰਾਂਸ ਲਈ ਆਪਣੇ ਆਪ ਵਿਚ ਸਮੱਸਿਆਵਾਂ ਪੈਦਾ ਕਰੇਗਾ।

ਦਰਅਸਲ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਫਰਵਰੀ 'ਚ ਕਿਹਾ ਸੀ ਕਿ ਯੂਕਰੇਨ 'ਚ ਫੌਜ ਭੇਜਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੈਕਰੋਨ ਦੇ ਇਸ ਬਿਆਨ ਨੂੰ ਲੈ ਕੇ ਰੂਸ ਦੇ ਰੱਖਿਆ ਮੰਤਰੀ ਨੇ ਫਰਾਂਸ ਦੇ ਰੱਖਿਆ ਮੰਤਰੀ ਨਾਲ ਗੱਲ ਕੀਤੀ ਹੈ। ਅਕਤੂਬਰ 2022 ਤੋਂ ਬਾਅਦ ਰੂਸ ਅਤੇ ਫਰਾਂਸ ਦੇ ਰੱਖਿਆ ਮੰਤਰੀਆਂ ਵਿਚਾਲੇ ਇਹ ਪਹਿਲੀ ਫੋਨ ਗੱਲਬਾਤ ਹੈ।

## ਈਰਾਨ 'ਚ ਅੱਤਵਾਦੀ ਹਮਲਾ, 27 ਮੌਤਾਂ, ਮਰਨ ਵਾਲਿਆਂ 'ਚ 11 ਸੁਰੱਖਿਆ ਕਰਮੀ ਵੀ

ਤਹਿਰਾਨ, 4 ਅਪ੍ਰੈਲ (ਪੋਸਟ ਬਿਊਰੋ): ਈਰਾਨ ਦੇ ਚਾਬਹਾਰ ਅਤੇ ਰਸਕ ਸ਼ਹਿਰ 'ਚ ਅੱਤਵਾਦੀ ਹਮਲੇ ਹੋਏ ਹਨ। ਜਾਣਕਾਰੀ ਮੁਤਾਬਕ ਇਸ 'ਚ 11 ਸੁਰੱਖਿਆ ਕਰਮੀ ਅਤੇ 16 ਨਾਗਰਿਕਾਂ ਦੀ ਮੌਤ ਹੋ ਗਈ ਹੈ। ਕਰੀਬ 10 ਸੁਰੱਖਿਆ ਅਧਿਕਾਰੀ ਜ਼ਖ਼ਮੀ ਹੋਏ ਹਨ। ਈਰਾਨ ਦੇ ਸਰਕਾਰੀ ਮੀਡੀਆ ਨੇ ਦੱਸਿਆ ਕਿ ਹਮਲਾ ਬੁੱਧਵਾਰ ਰਾਤ ਨੂੰ ਹੋਇਆ। ਹਾਲਾਂਕਿ ਹੁਣ ਇਹ ਜਾਣਕਾਰੀ ਸਾਹਮਣੇ ਆਈ ਹੈ।

ਇਹ ਹਮਲਾ ਜੈਸ਼-ਅਲ-ਅਦਲ ਦੇ ਅੱਤਵਾਦੀਆਂ ਨੇ ਕੀਤਾ ਸੀ। ਮਰਨ ਵਾਲਿਆਂ ਵਿੱਚ 2 ਪੁਲਿਸ ਅਧਿਕਾਰੀ, 2 ਬਾਰਡਰ ਗਾਰਡ ਅਤੇ 7 ਫੌਜੀ ਸ਼ਾਮਿਲ ਹਨ। ਈਰਾਨ ਦੇ ਉਪ ਗ੍ਰਹਿ ਮੰਤਰੀ ਮਾਜਿਦ ਮਿਰਹਮਾਦੀ ਨੇ ਕਿਹਾ ਕਿ



ਅੱਤਵਾਦੀ ਚਾਬਹਾਰ 'ਚ ਮੌਜੂਦ ਬਾਰਡਰ ਗਾਰਡਜ਼ ਦੇ ਹੈੱਡਕੁਆਰਟਰ 'ਤੇ ਕਬਜ਼ਾ ਕਰਨਾ ਚਾਹੁੰਦੇ ਸਨ।

ਹਾਲਾਂਕਿ ਉਹ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋ ਸਕੇ। ਈਰਾਨੀ ਮੀਡੀਆ ਨੇ ਦੱਸਿਆ ਕਿ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰ ਨੇ ਹੁਣ ਤੱਕ 15 ਅੱਤਵਾਦੀਆਂ ਨੂੰ ਮਾਰ ਦਿੱਤਾ ਹੈ।

ਪਾਕਿਸਤਾਨ ਨੇ ਈਰਾਨ ਵਿਚ ਹੋਏ ਹਮਲੇ ਦੀ ਨਿੰਦਾ ਕੀਤੀ ਹੈ। ਪਾਕਿਸਤਾਨੀ ਰਾਜਦੂਤ ਮੁਦਾਸਿਰ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਕਿ ਈਰਾਨ 'ਤੇ ਹੋਏ 2 ਅੱਤਵਾਦੀ ਹਮਲਿਆਂ 'ਚ ਕਈ ਸੁਰੱਖਿਆ ਅਧਿਕਾਰੀ ਮਾਰੇ ਗਏ। ਅਸੀਂ ਅੱਤਵਾਦ ਖਿਲਾਫ ਲੜਾਈ 'ਚ ਈਰਾਨ ਦੇ ਨਾਲ ਹਾਂ।

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ
- ਓਨਟਾਰੀਓ ਵਰਕਸ ਲਈ ਮੁਫ਼ਤ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats - Spiders & Fleas - Bedbugs - Wasps
- Cockroaches - Carpenter Ants - Silver Fish - Racoons
Call : PARESH PATEL
(Government Approved Licensed Technician)
416 938 4598

MANN LAW FIRM
- Real Estate Law - Business Law
- Wills & Estates - Family Law
- Power of Attorney - Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
- Immigration - Real Estate
- Family Law - Business Closing
- Corporate - Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ

ਸਾਰੀਆਂ ਧਿਰਾਂ ਅੰਦਰ ਫਿਰੇ ਪਈ ਭਾਜੜ,
ਪਾਟਕ ਅੰਦਰ ਤੋਂ ਬਾਹਰ ਨੂੰ ਆਏ ਬੇਲੀ।
ਮਨਾਉਂਦੇ ਇੱਕ ਤਾਂ ਦੂਜਾ ਈ ਰੁੱਸ ਜਾਂਦਾ,
ਮੁੜ-ਮੁੜ ਰੁੱਸਣ ਤਾਂ ਕੌਣ ਮਨਾਏ ਬੇਲੀ।
ਜਿੱਧਰ ਜਿੱਤਣ ਦੀ ਝਾਕ ਹੈ ਬੜੀ ਲੱਗਦੀ,
ਉਸ ਵੱਲ ਜਾਣ ਕਈ ਕਾਰ ਭਜਾਏ ਬੇਲੀ।
ਜਿੱਥੇ ਜਿੱਤ ਦੀ ਝਾਕ ਜਿਹੀ ਕੋਈ ਹੈ ਨਹੀਂ,
ਪੁਆੜੇ ਟਿਕਟਾਂ ਨੇ ਓਧਰ ਵੀ ਪਾਏ ਬੇਲੀ।
ਹੋਈ ਟਿਕਟਾਂ ਤੱਕ ਸੀਮਤ ਆ ਰਾਜਨੀਤੀ,
ਸਾਰਾ ਕੁਝ ਏਸ ਦੇ ਲਈ ਕੁਰਬਾਨ ਬੇਲੀ।
ਵਫਾਦਾਰ ਕਹਾਉਂਦੇ ਉਂਜ ਤਾਂ ਪਾਰਟੀ ਦਾ,
ਚੱਲੇ ਪਈ ਵਫਾ ਦੀ ਸਿਰਫ ਦੁਕਾਨ ਬੇਲੀ।

**ਤੀਸ ਮਾਰ ਖਾਂ**

# ਆਈ.ਪੀ.ਐੱਲ. 2024: ਸ਼ਸ਼ਾਂਕ ਦੀ ਪਾਰੀ ਦੀ ਬਦੌਲਤ ਪੰਜਾਬ ਨੇ ਗੁਜਰਾਤ ਨੂੰ 3 ਵਿਕਟਾਂ ਨਾਲ ਹਰਾਇਆ

ਨਵੀਂ ਦਿੱਲੀ, 4 ਅਪ੍ਰੈਲ (ਪੋਸਟ ਬਿਊਰੋ): ਪੰਜਾਬ ਕਿੰਗਜ਼ ਅਤੇ ਗੁਜਰਾਤ ਟਾਈਟਨਸ ਵਿਚਾਲੇ ਖੇਡੇ ਗਏ ਆਈ.ਪੀ.ਐੱਲ. ਦੇ ਰੋਮਾਂਚਕ ਮੁਕਾਬਲੇ 'ਚ ਸ਼ਸ਼ਾਂਕ ਸਿੰਘ ਦੀ ਪਾਰੀ ਦੀ ਬਦੌਲਤ ਪੰਜਾਬ ਨੇ ਗੁਜਰਾਤ ਨੂੰ 3 ਵਿਕਟਾਂ ਨਾਲ ਹਰਾ ਕੇ ਸੀਜ਼ਨ 'ਚ ਦੂਜੀ ਜਿੱਤ ਹਾਸਲ ਕੀਤੀ। ਸ਼ਸ਼ਾਂਕ ਸਿੰਘ ਨੇ 29 ਗੇਂਦਾਂ 'ਚ 6 ਚੌਕਿਆਂ ਤੇ 4 ਛੱਕਿਆਂ ਦੀ ਮਦਦ ਨਾਲ ਨਾਬਾਦ 61 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ।



ਇਸ ਸਮੇਂ ਦੋਵੇਂ ਟੀਮਾਂ 4-4 ਮੈਚ ਖੇਡ ਚੁੱਕੀਆਂ ਹਨ ਤੇ ਦੋਵਾਂ ਨੂੰ 2-2 ਮੈਚਾਂ 'ਚ ਜਿੱਤ ਅਤੇ ਇੰਨੇ ਹੀ ਮੁਕਾਬਲਿਆਂ 'ਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਪਰ ਬਿਹਤਰ ਨੈੱਟ ਰਨ-ਰੇਟ ਦੇ ਆਧਾਰ 'ਤੇ ਪੰਜਾਬ 5ਵੇਂ, ਜਦਕਿ ਗੁਜਰਾਤ 6ਵੇਂ ਸਥਾਨ 'ਤੇ ਕਾਬਜ਼ ਹੈ।


ਇਸ ਤੋਂ ਪਹਿਲਾਂ ਕਿੰਗਜ਼ ਇਲੈਵਨ ਪੰਜਾਬ ਦੇ ਕਪਤਾਨ ਸ਼ਿਖਰ ਧਵਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਪਹਿਲਾਂ ਬੱਲੇਬਾਜ਼ੀ ਦਾ ਸੱਦਾ ਮਿਲਣ 'ਤੇ ਗੁਜਰਾਤ ਟਾਈਟਨਸ ਨੇ ਕਪਤਾਨ ਸ਼ੁੱਭਮਨ ਗਿੱਲ ਦੀ 48 ਗੇਂਦਾਂ 'ਚ 6 ਚੌਕਿਆਂ ਤੇ 4 ਛੱਕਿਆਂ ਦੀ ਮਦਦ ਨਾਲ 89 ਦੌੜਾਂ ਦੀ ਸ਼ਾਨਦਾਰ ਪਾਰੀ ਤੋਂ ਬਾਅਦ ਸਾਈ ਸੁਦਰਸ਼ਨ (33), ਕੇਨ ਵਿਲੀਅਮਸਨ (26) ਅਤੇ ਰਾਹੁਲ ਤੇਵਤੀਆ (23) ਦੀਆਂ ਉਪਯੋਗੀ ਪਾਰੀਆਂ ਦੀ ਬਦੌਲਤ 20 ਓਵਰਾਂ 'ਚ 4 ਵਿਕਟਾਂ ਗੁਆ ਕੇ 199 ਦੌੜਾਂ ਬਣਾਈਆਂ।

200 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਨ ਉਤਰੀ ਪੰਜਾਬ ਦੀ ਟੀਮ ਨੂੰ ਦੂਜੇ ਓਵਰ 'ਚ ਹੀ ਕਪਤਾਨ ਸ਼ਿਖਰ ਧਵਨ ਦੇ ਰੂਪ 'ਚ ਵੱਡਾ ਝਟਕਾ ਲੱਗਾ, ਜੋ ਕਿ ਸਿਰਫ਼ 1 ਦੌੜ ਬਣਾ ਕੇ ਉਮੇਸ਼ ਯਾਦਵ ਦੀ ਗੇਂਦ 'ਤੇ ਕਲੀਨ ਬੋਲਡ ਹੋ ਗਿਆ।

ਇਸ ਤੋਂ ਬਾਅਦ ਜੌਨੀ ਬੇਅਰਸਟਾ (22) ਤੇ ਪ੍ਰਭਸਿਮਰਨ ਸਿੰਘ (35) ਨੇ ਸ਼ਾਨਦਾਰ ਬੱਲੇਬਾਜ਼ੀ ਕਰ ਕੇ ਟੀਮ ਨੂੰ ਮੁਸ਼ਕਲ ਸਥਿਤੀ 'ਚੋਂ ਬਾਹਰ ਕੱਢਿਆ। ਸਿਕੰਦਰ ਰਜ਼ਾ (15) ਤੇ ਜਿਤੇਸ਼ ਸ਼ਰਮਾ (16) ਨੇ ਵੀ ਉਪਯੋਗੀ ਪਾਰੀਆਂ ਖੇਡੀਆਂ।

ਸ਼ਸ਼ਾਂਕ ਸਿੰਘ ਤੇ ਆਸ਼ੂਤੋਸ਼ ਸ਼ਰਮਾ ਨੇ ਆਖਰੀ ਓਵਰਾਂ 'ਚ ਤੂਫ਼ਾਨੀ ਬੱਲੇਬਾਜ਼ੀ ਕੀਤੀ ਤੇ ਟੀਮ ਨੂੰ ਜਿੱਤ ਦੀ ਦਹਿਲੀਜ਼ ਤੱਕ ਪਹੁੰਚਾਇਆ। ਆਖ਼ਰੀ ਓਵਰ 'ਚ ਪੰਜਾਬ ਨੂੰ 7 ਦੌੜਾਂ ਦੀ ਲੋੜ ਸੀ। ਪਹਿਲੀ ਹੀ ਗੇਂਦ 'ਤੇ ਆਸ਼ੂਤੋਸ਼ ਸ਼ਰਮਾ 31 ਦੌੜਾਂ ਬਣਾ ਕੇ ਦਰਸ਼ਨ ਨਾਲਕੰਡੇ ਦੀ ਗੇਂਦ 'ਤੇ ਕੈਚ ਆਊਟ ਹੋ ਗਿਆ।
ਨਾਲਕੰਡੇ ਨੇ ਅਗਲੀਆਂ 2 ਗੇਂਦਾਂ ਵਾਈਡ ਸੁੱਟ ਦਿੱਤੀਆਂ, ਜਿਸ ਕਾਰਨ ਹੁਣ ਪੰਜਾਬ ਨੂੰ 3 ਗੇਂਦਾਂ 'ਚ ਸਿਰਫ਼ 5 ਦੌੜਾਂ ਚਾਹੀਦੀਆਂ ਸਨ। ਸ਼ਸ਼ਾਂਕ ਸਿੰਘ ਨੇ ਬਿਹਤਰੀਨ ਪਾਰੀ ਖੇਡੀ ਤੇ ਟੀਮ ਨੂੰ ਜਿੱਤ ਦਿਵਾ ਕੇ ਹੀ ਸਾਹ ਲਿਆ। ਉਸ ਨੇ ਓਵਰ ਦੀ ਚੌਥੀ ਗੇਂਦ 'ਤੇ ਚੌਕਾ ਮਾਰ ਦਿੱਤਾ ਤੇ ਅਗਲੀ ਗੇਂਦ 'ਤੇ 1 ਦੌੜ ਲੈ ਕੇ ਜਿੱਤ ਪੰਜਾਬ ਦੀ ਝੌਲੀ 'ਚ ਪਾ ਦਿੱਤੀ।

# ਹਿਮਾਚਲ ਪ੍ਰਦੇਸ਼ ਦੇ ਛੇ ਜ਼ਿਲ੍ਹਿਆਂ ਵਿੱਚ ਲੱਗੇ ਭੂਚਾਲ ਦੇ ਝਟਕੇ, 5.3 ਰਹੀ ਤੀਬਰਤਾ



ਸ਼ਿਮਲਾ, 4 ਅਪ੍ਰੈਲ (ਪੋਸਟ ਬਿਊਰੋ) : ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ, ਚੰਬਾ, ਕਾਂਗੜਾ, ਮੰਡੀ, ਕੁੱਲੂ ਅਤੇ ਹਮੀਰਪੁਰ ਜ਼ਿਲ੍ਹਿਆਂ ਵਿੱਚ ਵੀਰਵਾਰ ਰਾਤ 9:35 ਵਜੇ ਭੂਚਾਲ ਦੇ ਹਲਕੇ ਝਟਕੇ ਮਹਿਸੂਸ ਕੀਤੇ ਗਏ। ਅਚਾਨਕ ਝਟਕਿਆਂ ਤੋਂ ਬਾਅਦ ਲੋਕ ਘਰਾਂ ਤੋਂ ਬਾਹਰ ਆ ਗਏ ਅਤੇ ਖੁੱਲ੍ਹੀਆਂ ਥਾਵਾਂ 'ਤੇ ਪਹੁੰਚ ਗਏ। ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 5.3 ਮਾਪੀ ਗਈ ਹੈ। ਹਾਲਾਂਕਿ ਕਿਸੇ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ।

ਕੁੱਲੂ ਅਤੇ ਲਾਹੌਲ ਘਾਟੀ ਵਿੱਚ ਇੱਕ ਤੋਂ ਬਾਅਦ ਇੱਕ ਭੂਚਾਲ ਦੇ ਕਈ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਦੇ ਤਿੰਨ ਤੋਂ ਚਾਰ ਝਟਕਿਆਂ ਤੋਂ ਬਾਅਦ ਲੋਕ ਘਰਾਂ ਤੋਂ ਬਾਹਰ ਆ ਗਏ। ਕੀਲੋਂਗ 'ਚ ਲੋਕ ਅੱਤ ਦੀ ਠੰਢ 'ਚ ਆਪਣੇ ਬੱਚਿਆਂ ਨਾਲ ਬਾਹਰ ਨਿਕਲੇ। ਜਦੋਂਕਿ ਮਨਾਲੀ ਅਤੇ ਕੁੱਲੂ ਵਿੱਚ ਲੋਕ ਘਰਾਂ ਤੋਂ ਬਾਹਰ ਆ ਗਏ। ਜ਼ਿਕਰਯੋਗ ਹੈ ਕਿ ਕਾਂਗੜਾ ਵਿੱਚ 4 ਅਪ੍ਰੈਲ, 1905 ਦੀ ਸਵੇਰ ਨੂੰ ਆਏ 7.8 ਤੀਬਰਤਾ ਦੇ ਭੂਚਾਲ ਵਿੱਚ 20 ਹਜ਼ਾਰ ਤੋਂ ਵੱਧ ਮਨੁੱਖੀ ਜਾਨਾਂ ਗਈਆਂ ਸਨ। ਭੂਚਾਲ ਕਾਰਨ ਕਾਂਗੜਾ ਅਤੇ ਇਸ ਦੇ ਆਲੇ-ਦੁਆਲੇ ਇਕ ਲੱਖ ਦੇ ਕਰੀਬ ਇਮਾਰਤਾਂ ਤਬਾਹ ਹੋ ਗਈਆਂ ਸਨ, ਜਦਕਿ 53 ਹਜ਼ਾਰ ਤੋਂ ਵੱਧ ਪਸ਼ੂ ਵੀ ਭੂਚਾਲ ਦਾ ਸ਼ਿਕਾਰ ਹੋ ਗਏ ਸਨ।

# ਰਿਸ਼ਵਤ ਲੈਣ ਦੇ ਦੋਸ਼ 'ਚ ਸਰਕਾਰੀ ਸਹਾਇਕ ਡਰੱਗ ਕੰਟਰੋਲਰ ਸਮੇਤ ਤਿੰਨ ਕਾਬੂ, ਵੱਡੀ ਨਕਦੀ ਬਰਾਮਦ

ਨਵੀਂ ਦਿੱਲੀ, 4 ਅਪ੍ਰੈਲ (ਪੋਸਟ ਬਿਊਰੋ) : ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਨੂੰ ਨੱਥ ਪਾਉਣ ਲਈ ਸੀਬੀਆਈ ਇੱਕ ਤੋਂ ਬਾਅਦ ਇੱਕ ਕਾਰਵਾਈ ਕਰ ਰਹੀ ਹੈ। ਏਜੰਸੀ ਨੇ ਰਿਸ਼ਵਤ ਦੇ ਮਾਮਲੇ ਵਿੱਚ ਕੇਂਦਰੀ ਡਰੱਗ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ (ਸੀਡੀਐਸਸੀਓ) ਦੇ ਸਹਾਇਕ ਦਫ਼ਤਰ ਵਿੱਚ ਤਾਇਨਾਤ ਇੱਕ ਸਹਾਇਕ ਡਰੱਗ ਕੰਟਰੋਲਰ, ਇੱਕ ਡਰੱਗ ਇੰਸਪੈਕਟਰ ਅਤੇ ਇੱਕ ਅਧੀਨ ਮੁਲਾਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਸਾਰੇ ਡਰੱਗ ਕੰਟਰੋਲਰ (ਭਾਰਤ) ਦੇ ਦਫ਼ਤਰ ਵਿੱਚ ਤਾਇਨਾਤ ਸਨ। ਮੁਲਜ਼ਮਾਂ



ਨੂੰ ਗ੍ਰਿਫ਼ਤਾਰ ਕਰਨ ਮਗਰੋਂ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੋਂ ਉਨ੍ਹਾਂ ਨੂੰ 8 ਅਪਰੈਲ ਤੱਕ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।

ਸੀਡੀਐੱਸਸੀਓਦੇ ਸਹਾਇਕ ਡਰੱਗ ਕੰਟਰੋਲਰ ਦੇ ਦਫਤਰ ਵਿਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਸੂਚਨਾ ਮਿਲਣ ਤੋਂ ਬਾਅਦ ਸੀਬੀਆਈ, ਵਿਜੀਲੈਂਸ ਅਧਿਕਾਰੀਆਂ ਅਤੇ ਆਜ਼ਾਦ ਗਵਾਹਾਂ ਦੀ ਸਾਂਝੀ ਟੀਮ ਨੇ ਅਪ੍ਰੈਲ ਨੂੰ ਸਬੰਧਤ ਦਫਤਰ ਦੀ ਅਚਨਚੇਤ ਜਾਂਚ ਕੀਤੀ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪ੍ਰਾਈਵੇਟ ਵਿਅਕਤੀ ਆਪਣੇ ਗਾਹਕਾਂ ਭਾਵ ਦਵਾਈਆਂ ਦੇ ਨਿਰਮਾਤਾਵਾਂ, ਨਿਰਯਾਤਕਾਂ ਅਤੇ ਆਯਾਤਕਾਂ ਨੂੰ NOC ਦੀ ਸਹੂਲਤ ਪ੍ਰਦਾਨ ਕਰਨ ਲਈ ਸਰਕਾਰੀ ਕਰਮਚਾਰੀਆਂ ਵਲੋਂ ਰਿਸ਼ਵਤ ਦੀ ਰਕਮ ਇਕੱਠੀ ਕਰ ਰਹੇ ਸਨ।

ਸੀਬੀਆਈ ਸਮੇਤ ਵੱਖ-ਵੱਖ ਟੀਮਾਂ ਵੱਲੋਂ ਕੀਤੇ ਗਏ ਅਚਨਚੇਤ ਨਿਰੀਖਣ ਦੌਰਾਨ ਸਰਕਾਰੀ ਮੁਲਾਜ਼ਮਾਂ ਅਤੇ ਨਿੱਜੀ ਵਿਅਕਤੀਆਂ ਦੇ ਦਰਾਜ਼ਾਂ ਵਿੱਚੋਂ ਕਰੀਬ 1.52 ਲੱਖ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਗਈ। ਇਸ ਪੈਸੇ ਸਬੰਧੀ ਸਬੰਧਤ ਸਰਕਾਰੀ ਮੁਲਾਜ਼ਮ ਅਤੇ ਨਿੱਜੀ ਵਿਅਕਤੀ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ। ਕਥਿਤ ਤੌਰ 'ਤੇ ਗੈਰ-ਹਿਸਾਬ ਵਾਲਾ ਪੈਸਾ ਸ਼ੱਕੀ ਜਨਤਕ ਸੇਵਕਾਂ ਦੁਆਰਾ ਸਿੱਧੇ ਤੌਰ 'ਤੇ ਜਾਂ CHAs ਜਾਂ ਉਨ੍ਹਾਂ ਦੇ ਪ੍ਰਤੀਨਿਧੀਆਂ ਦੁਆਰਾ NOC ਜਾਰੀ ਕਰਨ ਲਈ ਨਿੱਜੀ ਵਿਅਕਤੀਆਂ ਦੁਆਰਾ ਰਿਸ਼ਵਤ ਵਜੋਂ ਸਵੀਕਾਰ ਕੀਤਾ ਗਿਆ ਸੀ।

# ਇੰਦੌਰ 'ਚ ਪ੍ਰੇਮੀ ਨੇ ਲੜਕੀ ਤੇ ਉਸ ਦੇ ਭਰਾ ਨੂੰ ਮਾਰੀ ਗੋਲੀ, ਖੁਦ ਨੂੰ ਵੀ ਉਡਾ ਲਿਆ

ਇੰਦੌਰ, 4 ਅਪ੍ਰੈਲ (ਪੋਸਟ ਬਿਊਰੋ) : ਮੱਧ ਪ੍ਰਦੇਸ਼ ਦੇ ਇੰਦੌਰ ਤੋਂ ਦੋਹਰੇ ਕਤਲ ਦਾ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਪ੍ਰੇਮੀ ਨੇ ਲੜਕੀ ਅਤੇ ਉਸਦੇ ਭਰਾ 'ਤੇ ਗੋਲੀ ਚਲਾ ਕੇ ਉਨ੍ਹਾਂ ਦੀ ਜਾਨ ਲੈ ਲਈ ਅਤੇ ਕਤਲ ਕਰਨ ਤੋਂ ਬਾਅਦ ਖੁਦ ਨੂੰ ਵੀ ਗੋਲੀ ਮਾਰ ਕੇ ਖੁਦਕਸ਼ੀ ਕਰ ਲਈ। ਕਤਲੇਆਮ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ



ਦਿੱਤਾ।
ਮੱਧ ਪ੍ਰਦੇਸ਼ 'ਚ ਇਹ ਹੈਰਾਨ ਕਰਨ ਵਾਲਾ ਮਾਮਲਾ ਇੰਦੌਰ ਦੇ ਭੰਵਰਕੂਆਂ ਥਾਣਾ ਖੇਤਰ ਦਾ ਹੈ। ਸਨਕੀ ਪ੍ਰੇਮੀ ਦਾ ਨਾਂ ਅਭਿਸ਼ੇਕ ਯਾਦਵ ਦੱਸਿਆ ਜਾ ਰਿਹਾ ਹੈ। ਅਭਿਸ਼ੇਕ ਇਸ ਕਤਲ ਨੂੰ ਅੰਜਾਮ ਦੇਣ ਲਈ ਨਾਜਾਇਜ਼ ਪਿਸਤੌਲ ਲੈ ਕੇ ਆਇਆ ਸੀ। ਉਸ ਨੇ ਪਹਿਲਾਂ ਲੜਕੀ ਸਨੇਹਾ ਜਾਟ ਅਤੇ ਉਸ ਦੇ ਭਰਾ ਦੀਪਕ ਜਾਟ ਨੂੰ ਗੋਲੀ ਮਾਰ ਦਿੱਤੀ ਅਤੇ ਫਿਰ ਖੁਦ ਨੂੰ ਗੋਲੀ ਮਾਰ ਕੇ ਆਪਣੀ ਜਾਨ ਲੈ ਲਈ। ਪੀੜਤਾ ਨੇ ਪਹਿਲਾਂ ਵੀ ਆਪਣੇ ਪ੍ਰੇਮੀ ਅਭਿਸ਼ੇਕ ਯਾਦਵ ਬਾਰੇ ਥਾਣਾ ਸਦਰ ਵਿੱਚ ਸ਼ਿਕਾਇਤ ਕੀਤੀ ਸੀ। ਥਾਣਾ ਭੰਵਰਕੂਆਂ ਦੀ ਪੁਲਸ ਨੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸਪੈਸ਼ਲ ਡੀ.ਜੀ.ਪੀ. ਅਰਪਿਤ ਸ਼ੁਕਲਾ ਨੇ ਪਾਰਦਰਸ਼ੀ ਅਤੇ ਨਿਰਪੱਖ ਸੰਸਦੀ ਚੋਣਾਂ ਨੂੰ ਯਕੀਨੀ ਬਣਾਉਣ ਲਈ ਪੰਜਾਬ ਪੁਲਿਸ, ਬੀ.ਐੱਸ.ਐੱਫ. ਅਤੇ ਕੇਂਦਰੀ ਏਜੰਸੀਆਂ ਵਿਚਕਾਰ ਤਾਲਮੇਲ ਨੂੰ ਹੋਰ ਮਜਬੂਤ ਕਰਨ 'ਤੇ ਦਿੱਤਾ ਜ਼ੋਰ

-ਪੰਜਾਬ ਪੁਲਿਸ, ਬੀਐਸਐਫ ਅਤੇ ਐਨਸੀਬੀ ਨੇ ਸਰਹੱਦ ਪਾਰੋਂ ਹੋ ਰਹੀ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨ ਅਤੇ ਡਰੋਨ ਅਪ੍ਰੇਸ਼ਨ ਨੂੰ ਠੱਲ੍ਹ ਪਾਉਣ ਲਈ ਘੜੀ ਰਣਨੀਤੀ

- ਚੋਣਾਂ ਦੌਰਾਨ ਤਾਇਨਾਤੀ ਲਈ ਪੰਜਾਬ ਪੁਲਿਸ ਵੱਲੋਂ 75 ਫੀਸਦ ਜ਼ਿਲ੍ਹਾ ਪੁਲਿਸ ਅਤੇ 50 ਫੀਸਦ ਹੋਰਨਾਂ ਯੂਨਿਟਾਂ ਦੇ ਪੁਲਿਸ ਬਲ ਦੀ ਤਾਇਨਾਤੀ : ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ

ਚੰਡੀਗੜ੍ਹ, 4 ਅਪ੍ਰੈਲ (ਪੋਸਟ ਬਿਊਰੋ): ਆਗਾਮੀ ਆਮ ਚੋਣਾਂ 2024 ਨੂੰ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚੜ੍ਹਾਉਣ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਪੁਲਿਸ ਦੇ ਵਿਸ਼ੇਸ਼ ਡਾਇਰੈਕਟਰ ਜਨਰਲ, ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਵੀਰਵਾਰ ਨੂੰ ਸੀਮਾ ਸੁਰੱਖਿਆ ਬਲ ਨਾਲ ਰਣਨੀਤੀ ਤਿਆਰ ਕੀਤੀ ਤਾਂ ਜੋ ਸੁਰੱਖਿਆ ਦੀ ਦੂਜੀ ਕਤਾਰ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ ਅਤੇ ਸਰਹੱਦ ਪਾਰੋਂ ਨਸ਼ਿਆਂ ਦੀ ਸਪਲਾਈ ਲੜੀ ਨੂੰ ਪੂਰੀ ਤਰ੍ਹਾਂ ਠੱਲ੍ਹਿਆ ਜਾ ਸਕੇ।

ਸਪੈਸ਼ਲ ਡੀਜੀਪੀ ਦੇ ਨਾਲ ਆਈ.ਜੀ.



ਫਰੰਟੀਅਰ ਹੈੱਡਕੁਆਰਟਰ, ਬੀ.ਐਸ.ਐਫ. ਜਲੰਧਰ ਡਾ: ਅਤੁਲ ਫੁਲਜ਼ੇਲੇ ਨੇ ਸਰਹੱਦ 'ਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅਤੇ ਆਗਾਮੀ ਸੰਸਦੀ ਚੋਣਾਂ 2024 ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕਰਨ ਲਈ ਪੰਜਾਬ ਪੁਲਿਸ, ਬੀਐਸਐਫ, ਸੀਆਰਪੀਐਫ, ਆਈਟੀਬੀਪੀ, ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਅਤੇ ਹੋਰ ਕੇਂਦਰੀ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਸਾਂਝੀ ਤਾਲਮੇਲ ਮੀਟਿੰਗ ਕੀਤੀ। ਮੀਟਿੰਗ ਵਿੱਚ ਜ਼ੋਨਲ ਡਾਇਰੈਕਟਰ ਐਨ.ਸੀ.ਬੀ., ਏਡੀਜੀਪੀ ਸਟੇਟ ਆਰਮਡ ਪੁਲਿਸ (ਐਸ.ਏ.ਪੀ.) ਐਮ.ਐਫ. ਫਾਰੂਕੀ, ਡੀਆਈਜੀ ਬਾਰਡਰ ਰੇਂਜ ਰਾਕੇਸ਼ ਕੌਸ਼ਲ ਅਤੇ ਡੀਆਈਜੀ ਫਿਰੋਜ਼ਪੁਰ ਰੇਂਜ ਰਣਜੀਤ ਸਿੰਘ ਢਿੱਲੋਂ ਵੀ ਹਾਜ਼ਰ ਸਨ।

ਬੀਐਸਐਫ ਅਤੇ ਪੰਜਾਬ ਪੁਲਿਸ ਦਰਮਿਆਨ ਵਧੇਰੇ ਤਾਲਮੇਲ ਅਤੇ ਇੱਕਜੁਟਤਾ ਦਾ ਸੱਦਾ ਦਿੰਦੇ ਹੋਏ, ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਸਰਹੱਦੀ ਰਾਜ ਵਿੱਚ ਪਾਰਦਰਸ਼ੀ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਣ ਲਈ ਦੋਵਾਂ ਫੋਰਸਾਂ ਨੂੰ ਇੱਕ ਟੀਮ ਵਜੋਂ ਕੰਮ ਕਰਨ ਲਈ ਕਿਹਾ।

ਉਨ੍ਹਾਂ ਕਿਹਾ ਕਿ ਸੁਰੱਖਿਆ ਦੀ ਮੋਹਰਲੀ ਕਤਾਰ ਵਿੱਚ ਤਾਇਨਾਤ ਹੋਣ ਕਰਕੇ ਬੀਐਸਐਫ ਨੂੰ ਅਤਿਵਾਦੀਆਂ, ਦਹਿਸ਼ਤਗਰਦਾਂ ਜਾਂ ਤਸਕਰਾਂ ਵੱਲੋਂ ਤਸਕਰੀ ਅਤੇ ਘੁਸਪੈਠ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਲਈ ਵਧੇਰੇ ਚੌਕਸ ਤੇ ਮੁਸਤੈਦ ਰਹਿਣ ਦੀ ਲੋੜ ਹੈ। ਉਨ੍ਹਾਂ ਅੰਤਰਰਾਸ਼ਟਰੀ ਸਰਹੱਦ 'ਤੇ ਰਾਤ ਦੀ ਗਸ਼ਤ 'ਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਦੀ ਨਫ਼ਰੀ ਵਧਾਉਣ ਦੇ ਵੀ ਹੁਕਮ ਦਿੱਤੇ।

ਸਪੈਸ਼ਲ ਡੀਜੀਪੀ ਨੇ ਬੀਐਸਐਫ ਨੂੰ ਪੰਜਾਬ ਦੀਆਂ ਸਰਹੱਦਾਂ 'ਤੇ ਡਰੋਨ ਅਪਰੇਸ਼ਨਾਂ, ਜੋ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਲਈ ਵਰਤੇ ਜਾਂਦੇ ਹਨ, ਦਾ ਮੁਕਾਬਲਾ ਕਰਨ ਲਈ ਡਰੋਨ ਡੀਟੈਕਸ਼ਨ ਤਕਨਾਲੋਜੀ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਸਰਹੱਦੀ ਜ਼ਿਲ੍ਹਿਆਂ ਦੇ ਸਾਰੇ ਐਸਐਸਪੀਜ਼ ਨੂੰ ਵੀ ਹਦਾਇਤ ਕੀਤੀ ਕਿ ਉਹ ਗ੍ਰਾਮੀਣ ਪੱਧਰੀ ਸੁਰੱਖਿਆ ਕਮੇਟੀ (ਵੀਐਲਡੀਸੀ) ਦੇ ਮੈਂਬਰਾਂ ਨਾਲ ਨਿਯਮਤ ਮੀਟਿੰਗਾਂ ਕਰਨ ਅਤੇ ਫੀਲਡ ਸਟਾਫ਼ ਅਤੇ ਵੀਐਲਡੀਸੀ ਮੈਂਬਰਾਂ ਨੂੰ ਡਰੋਨਾਂ ਦੀ ਆਵਾਜਾਈ 'ਤੇ ਸਖ਼ਤ ਨਜ਼ਰ ਰੱਖਣ ਲਈ ਜਾਗਰੂਕ ਕਰਨ।

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

**SherGill Law Firm**
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

**TAX & ACCOUNTING**
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
* How your spouse can join you within 4-6 months
* How your parents can join you
* How students & skilled people can come to Canada
* How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

# ਅੰਮ੍ਰਿਤਸਰ ਬੇਹੱਦ ਵੱਡੀ ਤਰੱਕੀ ਦਾ ਹੱਕਦਾਰ : ਤਰਨਜੀਤ ਸੰਧ



ਅੰਮ੍ਰਿਤਸਰ, 4 ਅਪ੍ਰੈਲ (ਗਿਆਨ ਸਿੰਘ): ਪੰਜਾਬ ਅਤੇ ਵਿਸ਼ੇਸ਼ ਕਰ ਕੇ ਗੁਰੂ ਨਗਰੀ ਦੇ ਵਿਕਾਸ ਅਤੇ ਲੋਕਾਂ ਦੀ ਖੁਸ਼ਹਾਲੀ ਦੇ ਏਜੰਡੇ ਨੂੰ ਲੈ ਕੇ ਅੰਮ੍ਰਿਤਸਰ ਲੋਕ ਸਭਾ ਹਲਕੇ ਲਈ ਚੋਣ ਮੈਦਾਨ ਵਿਚ ਉੱਤਰੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਤੇ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਦੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅੰਮ੍ਰਿਤਸਰ ਦੇ ਲੋਹਾਰਕਾ ਰੋਡ ਵਿਖੇ ਸਰਦਾਰ ਦਿਲਜੀਤ ਸਿੰਘ ਕੋਹਲੀ ਦੇ ਗ੍ਰਹਿ ਵਿਖੇ ਇਲਾਕਾ ਨਿਵਾਸੀਆਂ ਅਤੇ ਵਪਾਰੀਆਂ ਨਾਲ ਸਥਾਨਕ ਮੁੱਦਿਆਂ ਅਤੇ ਭਾਈਚਾਰਕ ਵਿਕਾਸ ਨੂੰ ਉਤਸ਼ਾਹਿਤ ਕਰਨ ਬਾਰੇ ਸ. ਸੰਧੂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਸ. ਦਿਲਜੀਤ ਸਿੰਘ ਕੋਹਲੀ, ਕੰਵਰਪ੍ਰੀਤ ਸਿੰਘ ਕੋਹਲੀ, ਗੌਰਵ ਮਹਿਰਾ ਅਤੇ ਰਾਜਨ ਕਪੂਰ ਨੇ ਸੰਧੂ ਦੀ ਦ੍ਰਿਸ਼ਟੀਕੋਣ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਸੀਂ ਮਿਲ ਕੇ ਸ਼ਹਿਰ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਯਤਨਸ਼ੀਲ ਰਹਾਂਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੀ ਵਿਸ਼ਵ ਪੱਧਰੀ ਤਰੱਕੀ ਲਈ ਇਸ ਵਾਰ ਤਰਨਜੀਤ ਸਿੰਘ ਸੰਧੂ ਵਰਗੇ ਉੱਚ ਕੋਟੀ ਸ਼ਖ਼ਸੀਅਤ ਨੂੰ ਲੋਕ ਸਭਾ ਵਿਚ ਭੇਜਿਆ ਜਾਵੇਗਾ।

ਅੰਮ੍ਰਿਤਸਰ ਤੋਂ ਤਰਨਜੀਤ ਸਿੰਘ ਸੰਧੂ ਜੀ ਦਾ ਇਸ ਵਾਰ 2024 ਵਿੱਚ ਜਿੱਤਣਾ ਅੰਮ੍ਰਿਤਸਰ ਦੇ ਸਰਵਪੱਖੀ ਵਿਕਾਸ ਲਈ ਕ੍ਰਾਂਤੀਕਾਰੀ ਤਬਦੀਲੀ ਲਿਆ ਸਕਦਾ। ਅੰਮ੍ਰਿਤਸਰ ਵਿੱਚ ਅਜਿਹੀ ਸਮਰੱਥਾ ਹੈ ਕਿ ਇਹ ਬੰਗਲੌਰ, ਪੁਣੇ, ਅਹਿਮਦਾਬਾਦ, ਗੁੜਗਾਉਂ ਵਰਗੇ ਸ਼ਹਿਰਾਂ ਨੂੰ ਟੱਕਰ ਦੇ ਸਕਦਾ ਹੈ। ਅੱਜ ਤਰਨਜੀਤ ਸਿੰਘ ਸੰਧੂ ਦਾ ਅੰਮ੍ਰਿਤਸਰ ਤੋਂ ਜਿੱਤਣਾ ਜ਼ਰੂਰੀ ਹੈ ਜੇਕਰ ਅਸੀਂ ਅੰਮ੍ਰਿਤਸਰ ਨੂੰ ਕਿਸੇ ਮੁਕਾਮ ਤੇ ਲੈ ਕੇ ਜਾਣਾ ਚਾਹੁੰਦੇ ਹਾਂ। ਇਸ ਲਈ ਇਸ ਵਾਰ ਤਰਨਜੀਤ ਸਿੰਘ ਸੰਧੂ ਨੂੰ ਚੁਣੋ ਅਤੇ ਅੰਮ੍ਰਿਤਸਰ ਲਈ ਇਹਨਾਂ ਨੂੰ ਕਾਮਯਾਬ ਬਣਾ ਕੇ ਸਾਂਸਦ ਵਜੋਂ ਦਿੱਲੀ ਭੇਜਿਆ ਜਾਵੇਗਾ ਤਾਂ ਜੋ ਇਹ ਅੰਮ੍ਰਿਤਸਰ ਲਈ ਸਮਰਪਿਤ ਹੋਕੇ ਕੰਮ ਕਰ ਸਕਣ ਅਤੇ ਅੰਮ੍ਰਿਤਸਰ ਵਿੱਚ ਵਿਸ਼ਵ ਪੱਧਰੀ ਤਰੱਕੀ ਦੀ ਨਵੀਂ ਇਬਾਰਤ ਲਿਖੀ ਜਾ ਸਕੇ।

Tech Spirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਿਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3'', ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

Visions of Punjab
Vision ZoomerTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਂਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਸਿੱਖਿਆ ਵਿੱਚ ਯੋਗਤਾ ਟੈਸਟ ਦੇ ਲਾਭ

–ਵਿਜੈ ਗਰਗ–

ਯੋਗਤਾ ਟੈਸਟ ਤੁਹਾਡੀ ਤਰਕਸ਼ੀਲ ਤਰਕ ਅਤੇ ਸੋਚਣ ਦੀ ਯੋਗਤਾ ਤੱਕ ਪਹੁੰਚ ਕਰਦੇ ਹਨ। ਇਹਨਾਂ ਵਿੱਚ ਬਹੁ-ਚੋਣ ਵਾਲੇ ਪ੍ਰਸ਼ਨ ਹੁੰਦੇ ਹਨ ਅਤੇ ਉਚਿਤ ਪ੍ਰੀਖਿਆਵਾਂ ਵਜੋਂ ਆਯੋਜਿਤ ਕੀਤੇ ਜਾਂਦੇ ਹਨ। ਟੈਸਟ ਸਖਤੀ ਨਾਲ ਸਮਾਂਬੱਧ ਹਨ. ਆਮ ਤੌਰ 'ਤੇ, ਦਿੱਤਾ ਗਿਆ ਸਮਾਂ ਟੈਸਟ ਵਿੱਚ ਪ੍ਰਸ਼ਨਾਂ ਦੀ ਸੰਖਿਆ 'ਤੇ ਨਿਰਭਰ ਕਰਦਾ ਹੈ। ਜ਼ਿਆਦਾਤਰ, ਇੱਕ ਸਵਾਲ ਲਈ 60 ਤੋਂ 90 ਸਕਿੰਟ ਦਿੱਤੇ ਜਾਂਦੇ ਹਨ। ਬਹੁਤ ਸਾਰੇ ਵੱਖ-ਵੱਖ ਕਿਸਮ ਦੇ ਸਵਾਲ ਹਨ ਜੋ ਯੋਗਤਾ ਟੈਸਟ ਵਿੱਚ ਪੁੱਛੇ ਜਾ ਸਕਦੇ ਹਨ। ਇਹਨਾਂ ਵੱਖ-ਵੱਖ ਕਿਸਮਾਂ ਦੇ ਸਵਾਲਾਂ ਨੂੰ ਇਸ ਤਰ੍ਹਾਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ: ਮੌਖਿਕ ਯੋਗਤਾ: ਇਸ ਵਿੱਚ ਇੱਕ ਵਿਅਕਤੀ ਦੇ ਅੰਗਰੇਜ਼ੀ ਬੋਲਣ ਦੇ ਹੁਨਰ ਸ਼ਾਮਲ ਹੁੰਦੇ ਹਨ। ਇਸ ਵਿੱਚ ਸ਼ਬਦ-ਜੋੜ ਅਤੇ ਵਿਆਕਰਨ ਸ਼ਾਮਲ ਹਨ। ਇਹ ਸ਼ਬਦਾਂ ਦੇ ਸਟੀਕ ਅਰਥਾਂ, ਰਚਨਾ ਵਾਕ ਜਾਂ ਵਾਕਾਂ ਦੀ ਬਣਤਰ, ਮੁਹਾਵਰੇ ਅਤੇ ਕਹਾਵਤਾਂ ਦੀ ਸਮਝ 'ਤੇ ਅਧਾਰਤ ਹੈ। ਇਹ ਜਾਣਕਾਰੀ ਨੂੰ ਸਮਝਣ, ਜਾਣਕਾਰੀ ਨੂੰ ਯਾਦ ਕਰਨ ਅਤੇ ਭਾਸ਼ਾ ਦੇ ਸੰਕਲਪਾਂ ਨੂੰ ਸਮਝਣ ਵਰਗੇ ਹੁਨਰਾਂ ਦੀ ਜਾਂਚ ਕਰਦਾ ਹੈ। ਮੌਖਿਕ ਯੋਗਤਾ ਵਿੱਚ ਸ਼ਾਮਲ ਪ੍ਰਸ਼ਨ ਹੇਠ ਲਿਖੀਆਂ ਕਿਸਮਾਂ ਦੇ ਹੋ ਸਕਦੇ ਹਨ: ਸਪੈਲਿੰਗ ਸਵਾਲ ਗੁੰਮ ਸ਼ਬਦ ਸਵਾਲ ਗੁੰਮ ਸ਼ਬਦ ਸਵਾਲ ਸਮਾਨਾਰਥੀ ਅਤੇ ਵਿਰੋਧੀ ਸ਼ਬਦ ਸ਼ਬਦ ਜੋੜਾ ਸਵਾਲ ਸਮਝ ਤਰਕਸ਼ੀਲ ਸਵਾਲ ਸੰਖਿਆਤਮਕ ਯੋਗਤਾ: ਇਸ ਵਿੱਚ ਮੂਲ ਗਣਿਤ ਜਿਵੇਂ ਜੋੜ, ਘਟਾਓ, ਗੁਣਾ ਅਤੇ ਭਾਗ ਸ਼ਾਮਲ ਹੁੰਦਾ ਹੈ। ਕੁਝ ਟੈਸਟਾਂ ਵਿੱਚ, ਡੇਟਾ ਵਿਆਖਿਆ ਵੀ ਮੌਜੂਦ ਹੁੰਦੀ ਹੈ ਜਿਸਦਾ ਅਰਥ ਹੈ ਚਾਰਟਾਂ ਅਤੇ ਗ੍ਰਾਫਾਂ ਦੀ ਵਿਆਖਿਆ। ਸੰਖਿਆਤਮਕ ਯੋਗਤਾ ਨੂੰ ਸਪੀਡ ਟੈਸਟ ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ। ਇੱਕ ਸਪੀਡ ਟੈਸਟ ਦਾ ਮਤਲਬ ਹੈ ਕਿ ਸਵਾਲ ਬਹੁਤ ਹੀ ਸਧਾਰਨ ਹਨ ਅਤੇ ਉਹਨਾਂ ਨੂੰ ਹੱਲ ਕਰਨ ਲਈ ਵਰਤੇ ਗਏ ਤਰੀਕੇ ਬਹੁਤ ਸਪੱਸ਼ਟ ਹਨ। ਇਹ ਸਿਰਫ਼ ਇਸ ਗੱਲ 'ਤੇ ਵਿਚਾਰ ਕੀਤਾ ਜਾਂਦਾ ਹੈ ਕਿ ਤੁਸੀਂ ਦਿੱਤੇ ਸਮੇਂ ਦੇ ਅੰਦਰ ਕਿੰਨੇ ਸਵਾਲਾਂ ਦੇ ਸਹੀ ਜਵਾਬ ਦੇ ਸਕਦੇ ਹੋ। ਤੁਹਾਨੂੰ ਕੈਲਕੁਲੇਟਰ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੈ। ਸੰਖਿਆਤਮਕ ਯੋਗਤਾ ਵਿੱਚ ਸ਼ਾਮਲ ਪ੍ਰਸ਼ਨ ਹੇਠ ਲਿਖੀਆਂ ਕਿਸਮਾਂ ਦੇ ਹੋ ਸਕਦੇ ਹਨ: ਗਣਿਤ ਦੇ ਸਵਾਲ ਕ੍ਰਮ ਅਤੇ ਲੜੀ ਵਰਣਮਾਲਾ ਦੁਆਰਾ ਦਰਸਾਏ ਗਏ ਨੰਬਰ ਡਾਟਾ ਵਿਆਖਿਆ ਐਬਸਟ੍ਰੈਕਟ ਰੀਜ਼ਨਿੰਗ: ਇਸ ਵਿੱਚ ਉਹ ਸਵਾਲ ਸ਼ਾਮਲ ਹੁੰਦੇ ਹਨ ਜਿਨ੍ਹਾਂ ਦਾ ਅਸਲ ਸੰਸਾਰ ਵਿੱਚ ਬਹੁਤ ਘੱਟ ਜਾਂ ਕੋਈ ਉਪਯੋਗ ਨਹੀਂ ਹੁੰਦਾ। ਪ੍ਰਸ਼ਨ ਪੈਟਰਨਾਂ ਅਤੇ ਅੰਕੜਿਆਂ ਦੀ ਤੁਹਾਡੀ ਸਮਝ ਅਤੇ ਆਕਾਰਾਂ ਅਤੇ ਅੰਕੜਿਆਂ ਵਿਚਕਾਰ ਸਮਾਨਤਾਵਾਂ ਅਤੇ ਅੰਤਰਾਂ ਦੀ ਜਾਂਚ ਕਰਦਾ ਹੈ। ਇਸ ਟੈਸਟ ਲਈ ਕਿਸੇ ਵਿਦਿਅਕ ਯੋਗਤਾ ਦੀ ਲੋੜ ਨਹੀਂ ਹੈ। ਸਥਾਨਿਕ ਤਰਕ: ਇਸ ਵਿੱਚ ਡਰਾਇੰਗ ਖਿੱਚਣ ਜਾਂ ਵਿਆਖਿਆ ਕਰਨ ਦੀ ਤੁਹਾਡੀ ਯੋਗਤਾ ਸ਼ਾਮਲ ਹੈ। ਇਹ ਤੁਹਾਡੀ ਕਲਪਨਾ ਦੀ ਜਾਂਚ ਕਰਦਾ ਹੈ. ਪ੍ਰਸ਼ਨ ਲਈ ਤੁਹਾਨੂੰ ਕਿਸੇ ਕੋਣ 'ਤੇ ਘੁੰਮਾਈ ਗਈ ਇੱਕ ਦਿੱਤੀ ਗਈ ਡਰਾਇੰਗ ਦੀ ਕਲਪਨਾ ਕਰਨ ਜਾਂ 3-ਅਯਾਮੀ ਦ੍ਰਿਸ਼ ਵਿੱਚ ਇੱਕ 2-ਅਯਾਮੀ ਡਰਾਇੰਗ ਦੀ ਕਲਪਨਾ ਕਰਨ ਦੀ ਲੋੜ ਹੋ ਸਕਦੀ ਹੈ। ਇਸ ਵਿੱਚ ਵਿਜ਼ੂਅਲ ਅਸੈਂਬਲੀ ਜਾਂ ਕਿਸੇ ਵਸਤੂ ਦੀ ਅਸੈਂਬਲੀ ਵੀ ਸ਼ਾਮਲ ਹੋ ਸਕਦੀ ਹੈ। ਸਥਾਨਿਕ ਤਰਕ ਵਿੱਚ ਸ਼ਾਮਲ ਪ੍ਰਸ਼ਨ ਹੇਠ ਲਿਖੀਆਂ ਕਿਸਮਾਂ ਦੇ ਹੋ ਸਕਦੇ ਹਨ: ਆਕਾਰ ਮੇਲ ਖਾਂਦਾ ਹੈ ਗਰੁੱਪ ਰੋਟੇਸ਼ਨ ਆਕਾਰਾਂ ਨੂੰ ਜੋੜਨਾ 3 ਆਯਾਮ ਦ੍ਰਿਸ਼ ਨਕਸ਼ੇ ਅਤੇ ਯੋਜਨਾਵਾਂ ਮਕੈਨੀਕਲ ਤਰਕ: ਇਹ ਮਕੈਨੀਕਲ ਅਤੇ ਭੌਤਿਕ ਧਾਰਨਾਵਾਂ ਦੇ ਤੁਹਾਡੇ ਗਿਆਨ ਦੀ ਜਾਂਚ ਕਰਦਾ ਹੈ। ਤੁਹਾਡਾ ਸਕੋਰ ਮਹੱਤਵਪੂਰਨ ਤੌਰ 'ਤੇ ਤੁਹਾਡੇ ਗਿਆਨ 'ਤੇ ਨਿਰਭਰ ਕਰਦਾ ਹੈ। ਇਸ ਵਿੱਚ ਸ਼ਾਮਲ ਵੱਖ-ਵੱਖ ਪਹਿਲੂ ਹਨ: ਲੀਵਰ ਗੇਅਰਸ ਪੁਲੀਜ਼ ਇਲੈਕਟ੍ਰੀਕਲ ਸਰਕਟ ਸਪ੍ਰਿੰਗਸ ਸੰਦ ਨੁਕਸ ਨਿਦਾਨ: ਇਹ ਮਕੈਨੀਕਲ ਅਤੇ ਇਲੈਕਟ੍ਰਾਨਿਕ ਪ੍ਰਣਾਲੀਆਂ ਵਿੱਚ ਨੁਕਸ ਲੱਭਣ ਦੀ ਤੁਹਾਡੀ ਯੋਗਤਾ ਦੀ ਜਾਂਚ ਕਰਦਾ ਹੈ। ਇਸ ਕਿਸਮ ਦਾ ਟੈਸਟ ਉਨ੍ਹਾਂ ਦੁਆਰਾ ਲਿਆ ਜਾਂਦਾ ਹੈ ਜੋ ਤਕਨੀਕੀ ਕਰਮਚਾਰੀਆਂ ਵਜੋਂ ਕੰਮ ਕਰਨਾ ਚਾਹੁੰਦੇ ਹਨ। ਡੇਟਾ ਚੈਕਿੰਗ: ਇਹ ਜਾਂਚ ਕਰਦਾ ਹੈ ਕਿ ਤੁਸੀਂ ਦਿੱਤੇ ਡੇਟਾ ਵਿੱਚ ਕਿੰਨੀ ਸਹੀ ਅਤੇ ਤੇਜ਼ੀ ਨਾਲ ਗਲਤੀਆਂ ਦਾ ਪਤਾ ਲਗਾ ਸਕਦੇ ਹੋ। ਜ਼ਿਆਦਾਤਰ, ਤੁਹਾਨੂੰ ਡੇਟਾ ਦੇ ਦੋ ਕਾਲਮ ਦਿੱਤੇ ਜਾਣਗੇ ਅਤੇ ਤੁਹਾਨੂੰ ਦੋਵਾਂ ਵਿਚਕਾਰ ਅੰਤਰ ਲੱਭਣੇ ਪੈਣਗੇ। ਡੇਟਾ ਬਹੁਤ ਅਰਥਪੂਰਨ ਨਹੀਂ ਹੈ. ਇਸ ਕਿਸਮ ਦਾ ਟੈਸਟ ਕਲਰਕ ਦੀਆਂ ਨੌਕਰੀਆਂ, ਪ੍ਰਸ਼ਾਸਨਿਕ ਨੌਕਰੀਆਂ, ਜਾਂ ਬੈਂਕਿੰਗ ਅਤੇ ਲੇਖਾ ਨਾਲ ਸਬੰਧਤ ਨੌਕਰੀਆਂ ਲਈ ਕੀਤਾ ਜਾਂਦਾ ਹੈ। ਕੰਮ ਦਾ ਨਮੂਨਾ: ਇਸ ਵਿੱਚ, ਤੁਹਾਨੂੰ ਉਸ ਕੰਮ ਦਾ ਨਮੂਨਾ ਦੇਣਾ ਹੋਵੇਗਾ ਜੋ ਤੁਹਾਨੂੰ ਨੌਕਰੀ ਮਿਲਣ ਤੋਂ ਬਾਅਦ ਕਰਨ ਦੀ ਉਮੀਦ ਹੈ। ਇਸ ਲਈ, ਇਸ ਵਿੱਚ ਇੱਕ ਖਾਸ ਹੁਨਰ ਸ਼ਾਮਲ ਹੋਵੇਗਾ. ਯੋਗਤਾ ਟੈਸਟ ਦਾ ਕੀ ਮਹੱਤਵ ਹੈ? ਯੋਗਤਾ ਟੈਸਟ ਦੀ ਵਰਤੋਂ ਏਇੱਕ ਵਿਅਕਤੀ ਦੀ ਯੋਗਤਾ ਦਾ ਮਾਪ. ਇਹ ਟੈਸਟ ਕਿਸੇ ਵਿਅਕਤੀ ਦੇ ਮਨ ਦੀ ਪੂਰੀ ਤਸਵੀਰ ਦਿੰਦੇ ਹਨ। ਐਪਟੀਟਿਊਡ ਟੈਸਟ ਸਕੂਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਜਾਂ ਉਨ੍ਹਾਂ ਲੋਕਾਂ ਲਈ ਬਹੁਤ ਮਹੱਤਵ ਰੱਖਦਾ ਹੈ ਜੋ ਆਪਣਾ ਕਿੱਤਾ ਬਦਲਣਾ ਚਾਹੁੰਦੇ ਹਨ। ਟੈਸਟ ਉਹਨਾਂ ਨੂੰ ਇੱਕ ਸਹੀ ਨਤੀਜਾ ਦੇਵੇਗਾ ਕਿ ਇੱਕ ਵਿਅਕਤੀ ਦੀ ਅਸਲ ਕਾਬਲੀਅਤ ਕੀ ਹੈ। ਯੋਗਤਾ ਟੈਸਟ ਦੀ ਮਹੱਤਤਾ ਨੂੰ ਇਸ ਤੱਥ ਦੁਆਰਾ ਸਮਝਿਆ ਜਾ ਸਕਦਾ ਹੈ ਕਿ ਉਹ ਹੁਣ ਵੱਖ-ਵੱਖ ਉਦੇਸ਼ਾਂ ਲਈ ਵਿਆਪਕ ਤੌਰ 'ਤੇ ਵਰਤੇ ਜਾ ਰਹੇ ਹਨ। ਉਹਨਾਂ ਵਿੱਚੋਂ ਕੁਝ ਹਨ: ਪਲੇਸਮੈਂਟ ਦਾ ਉਦੇਸ਼: ਜੇਕਰ ਕਿਸੇ ਨੌਕਰੀ ਲਈ ਵਿਅਕਤੀ ਵਿੱਚ ਕੁਝ ਖਾਸ ਹੁਨਰ ਜਾਂ ਕੁਝ ਵਿਸ਼ੇਸ਼ ਗੁਣਾਂ ਦੀ ਲੋੜ ਹੁੰਦੀ ਹੈ, ਤਾਂ ਇਸਦਾ ਮੁਲਾਂਕਣ ਯੋਗਤਾ ਟੈਸਟਾਂ ਦੁਆਰਾ ਕੀਤਾ ਜਾਂਦਾ ਹੈ। ਉਦਾਹਰਨ ਲਈ, ਜੇਕਰ ਤੁਸੀਂ ਡੇਟਾ ਐਂਟਰੀ ਨੌਕਰੀ ਲਈ ਅਰਜ਼ੀ ਦਿੱਤੀ ਹੈ, ਤਾਂ ਉਹ ਤੁਹਾਡੇ ਡੇਟਾ ਜਾਂਚ ਦੇ ਹੁਨਰ ਦੀ ਜਾਂਚ ਕਰਨਗੇ ਜਾਂ ਜੇਕਰ ਤੁਸੀਂ ਤਕਨੀਕੀ ਖੇਤਰ ਵਿੱਚ ਨੌਕਰੀ ਲਈ ਅਰਜ਼ੀ ਦਿੱਤੀ ਹੈ ਤਾਂ ਉਹ ਤੁਹਾਡੀ ਮਕੈਨੀਕਲ ਤਰਕ ਜਾਂ ਨੁਕਸ ਨਿਦਾਨ ਕਰਨ ਦੀ ਯੋਗਤਾ ਦੀ ਜਾਂਚ ਕਰਨਗੇ। ਜ਼ਿਆਦਾਤਰ, ਯੋਗਤਾ ਟੈਸਟ ਦੀ ਵਰਤੋਂ ਇੱਕ ਨਿੱਜੀ ਇੰਟਰਵਿਊ ਜਾਂ ਇੱਕ ਸਮੂਹ ਚਰਚਾ ਜਾਂ ਦੋਵਾਂ ਵਿੱਚ ਨੌਕਰੀ ਦੀ ਪਲੇਸਮੈਂਟ ਲਈ ਕੀਤੀ ਜਾਂਦੀ ਹੈ। ਯੋਗਤਾ ਟੈਸਟ ਵਿੱਚ ਧੋਖਾਧੜੀ ਕਰਨਾ ਮੁਸ਼ਕਲ ਹੁੰਦਾ ਹੈ, ਇਸ ਲਈ, ਉਹਨਾਂ ਨੂੰ ਜ਼ਿਆਦਾਤਰ ਇੰਟਰਵਿਊਰਾਂ ਦੁਆਰਾ ਭਰੋਸੇਯੋਗ ਮੰਨਿਆ ਜਾਂਦਾ ਹੈ. ਇਹ ਟੈਸਟ ਇੰਟਰਵਿਊਰ ਨੂੰ ਇੰਟਰਵਿਊ ਲੈਣ ਵਾਲੇ ਦੀਆਂ ਕੁਦਰਤੀ ਯੋਗਤਾਵਾਂ, ਤਾਕਤ ਅਤੇ ਕਮਜ਼ੋਰੀਆਂ ਦਾ ਇੱਕ ਵਿਚਾਰ ਦਿੰਦੇ ਹਨ। ਕਰੀਅਰ ਦੀ ਚੋਣ: ਯੋਗਤਾ ਟੈਸਟ ਦਾ ਨਤੀਜਾ ਸਾਨੂੰ ਕਿਸੇ ਵਿਅਕਤੀ ਦੇ ਹੁਨਰ ਜਾਂ ਯੋਗਤਾਵਾਂ ਬਾਰੇ ਦੱਸਦਾ ਹੈ। ਇਹ ਨਤੀਜਾ ਕਰੀਅਰ ਦੀ ਚੋਣ ਕਰਨ ਵਿੱਚ ਬਹੁਤ ਮਦਦਗਾਰ ਹੁੰਦਾ ਹੈ। ਇੱਕ ਵਿਅਕਤੀ ਨੂੰ ਇਹ ਪਤਾ ਲੱਗ ਜਾਵੇਗਾ ਕਿ ਉਹ ਕਿਸ ਵਿੱਚ ਚੰਗਾ ਹੈ ਅਤੇ ਉਸਨੂੰ ਉਸ ਅਨੁਸਾਰ ਕੈਰੀਅਰ ਚੁਣਨਾ ਚਾਹੀਦਾ ਹੈ। ਉਦਾਹਰਨ ਲਈ, ਇੱਕ ਵਿਅਕਤੀ ਯੋਗਤਾ ਟੈਸਟ ਲੈਂਦਾ ਹੈ ਅਤੇ ਨਤੀਜਾ ਦਰਸਾਉਂਦਾ ਹੈ ਕਿ ਵਿਅਕਤੀ ਦੇ ਜ਼ੁਬਾਨੀ ਹੁਨਰ ਸ਼ਾਨਦਾਰ ਹਨ ਪਰ ਸੰਖਿਆਤਮਕ ਹੁਨਰ ਬਹੁਤ ਮਾੜੇ ਹਨ। ਇਸ ਸਥਿਤੀ ਵਿੱਚ, ਇੱਕ ਕੈਰੀਅਰ ਦੀ ਚੋਣ ਕਰਨ ਦੀ ਬਜਾਏ ਜਿਸ ਵਿੱਚ ਉਸਨੂੰ ਆਪਣੀ ਸੰਖਿਆਤਮਕ ਯੋਗਤਾ ਨੂੰ ਵਧਾਉਣ ਦੀ ਜ਼ਰੂਰਤ ਹੁੰਦੀ ਹੈ, ਉਸਦੇ ਲਈ ਇੱਕ ਕੈਰੀਅਰ ਚੁਣਨਾ ਫਾਇਦੇਮੰਦ ਹੋਵੇਗਾ ਜਿਸ ਲਈ ਉਸਦੀ ਮੌਖਿਕ ਹੁਨਰ ਦੀ ਲੋੜ ਹੁੰਦੀ ਹੈ। ਇਸ ਲਈ, ਇੱਕ ਯੋਗਤਾ ਟੈਸਟ ਕਰੀਅਰ ਦੀ ਚੋਣ ਕਰਨ ਵਿੱਚ ਮਾਰਗਦਰਸ਼ਨ ਬਣ ਜਾਂਦਾ ਹੈ। ਕੈਰੀਅਰ ਦੀ ਚੋਣ ਕਰਨ ਤੋਂ ਪਹਿਲਾਂ ਕਿਸੇ ਨੂੰ ਯਕੀਨੀ ਤੌਰ 'ਤੇ ਯੋਗਤਾ ਟੈਸਟ ਦੀ ਚੋਣ ਕਰਨੀ ਚਾਹੀਦੀ ਹੈ। ਇਸ ਪ੍ਰੀਖਿਆ ਦਾ ਸਹੀ ਸਮਾਂ 10ਵੀਂ ਜਮਾਤ ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਹੈ। ਇਹ ਤੁਹਾਨੂੰ ਸਹੀ ਸਟ੍ਰੀਮ ਦੀ ਚੋਣ ਕਰਨ ਲਈ ਮਾਰਗਦਰਸ਼ਨ ਕਰੇਗਾ। ਅਕਾਦਮਿਕ ਸੁਧਾਰ: ਜੇਕਰ ਕੋਈ ਵਿਦਿਆਰਥੀ ਯੋਗਤਾ ਪ੍ਰੀਖਿਆ ਦਿੰਦਾ ਹੈ, ਤਾਂ ਇਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਸਨੂੰ ਉਸਦਾ ਮਜ਼ਬੂਤ ਅਤੇ ਕਮਜ਼ੋਰ ਵਿਸ਼ਾ ਦੱਸੇਗਾ। ਇਸ ਲਈ ਵਿਦਿਆਰਥੀ ਆਪਣੇ ਕਮਜ਼ੋਰ ਵਿਸ਼ਿਆਂ 'ਤੇ ਕੰਮ ਕਰ ਸਕਦਾ ਹੈ ਅਤੇ ਉਨ੍ਹਾਂ ਨੂੰ ਸੁਧਾਰ ਸਕਦਾ ਹੈ। ਸਿੱਖਿਆ ਵਿੱਚ ਯੋਗਤਾ ਟੈਸਟਾਂ ਨੂੰ ਸ਼ਾਮਲ ਕਰਨਾ ਬਹੁਤ ਜ਼ਰੂਰੀ ਹੈ। ਜਿਵੇਂ ਕਿ ਜ਼ਿਆਦਾਤਰ ਬਹੁ-ਰਾਸ਼ਟਰੀ ਕੰਪਨੀਆਂ ਨੌਕਰੀ ਲਈ ਕੋਸ਼ਿਸ਼ ਕਰਨ ਵਾਲੇ ਵਿਅਕਤੀ ਦਾ ਐਪਟੀਟਿਊਡ ਟੈਸਟ ਲੈਂਦੀਆਂ ਹਨ, ਇਸ ਲਈ ਐਪਟੀਟਿਊਡ ਟੈਸਟਾਂ ਨੂੰ ਹੱਲ ਕਰਨ ਲਈ ਸੁਝਾਅ ਅਤੇ ਟ੍ਰਿਕਸ ਵਿਦਿਆਰਥੀਆਂ ਨੂੰ ਸ਼ੁਰੂ ਤੋਂ ਹੀ ਸਿਖਾਏ ਜਾਣੇ ਚਾਹੀਦੇ ਹਨ। ਜੇਕਰ ਵਿਦਿਆਰਥੀ ਸ਼ੁਰੂ ਤੋਂ ਹੀ ਐਪਟੀਟਿਊਡ ਟੈਸਟਾਂ ਦਾ ਅਭਿਆਸ ਕਰਦੇ ਹਨ ਤਾਂ ਉਹ ਇਨ੍ਹਾਂ ਨੂੰ ਸਹੀ ਸਮੇਂ 'ਤੇ ਹੱਲ ਕਰ ਸਕਣਗੇ। ਜਦੋਂ ਉਹ ਭਰਤੀ ਲਈ ਜਾਂਦੇ ਹਨ ਤਾਂ ਇਹ ਉਨ੍ਹਾਂ ਲਈ ਲਾਭਦਾਇਕ ਹੋਵੇਗਾ। ਸਕੂਲਾਂ ਨੂੰ ਨਿਯਮਤ ਅੰਤਰਾਲਾਂ 'ਤੇ ਵਿਦਿਆਰਥੀਆਂ ਦੀ ਯੋਗਤਾ ਦੀ ਜਾਂਚ ਕਰਨੀ ਚਾਹੀਦੀ ਹੈ ਤਾਂ ਜੋ ਫੈਕਲਟੀ ਆਪਣੇ ਵਿਦਿਆਰਥੀਆਂ ਦੇ ਕਮਜ਼ੋਰ ਖੇਤਰਾਂ ਨੂੰ ਜਾਣ ਸਕੇ। ਇਸ ਤੋਂ ਇਲਾਵਾ, ਇਹ ਫੈਕਲਟੀ ਨੂੰ ਦੱਸੇਗਾ ਕਿ ਪਾਠਕ੍ਰਮ ਜਾਂ ਅਧਿਆਪਨ ਵਿਧੀ ਵਿਚ ਕੋਈ ਨੁਕਸ ਹੈ ਜਾਂ ਨਹੀਂ। ਯੋਗਤਾ ਟੈਸਟ ਦੀ ਤਿਆਰੀ ਕਿਵੇਂ ਕਰੀਏ? ਜੇਕਰ ਤੁਸੀਂ ਯੋਗਤਾ ਪ੍ਰੀਖਿਆ ਲਈ ਪੇਸ਼ ਹੋ ਰਹੇ ਹੋ ਜੋ ਪ੍ਰਤੀਯੋਗੀ ਹੈ ਜਾਂ ਪਲੇਸਮੈਂਟ ਦੇ ਉਦੇਸ਼ ਲਈ, ਇੱਥੇ ਕੁਝ ਸੁਝਾਅ ਹਨ ਜੋ ਤੁਹਾਡੇ ਲਈ ਮਦਦਗਾਰ ਹੋ ਸਕਦੇ ਹਨ। ਮੂਲ ਗੱਲਾਂ ਸਿੱਖੋ: ਯੋਗਤਾ ਟੈਸਟ ਲਈ ਕੋਈ ਖਾਸ ਸਿਲੇਬਸ ਨਹੀਂ ਹੈ। ਟੈਸਟ ਵਿੱਚ ਤੁਹਾਡੇ ਤੋਂ ਕੁਝ ਵੀ ਪੁੱਛਿਆ ਜਾ ਸਕਦਾ ਹੈ। ਇਸ ਲਈ, ਇਹ ਜ਼ਰੂਰੀ ਹੋ ਜਾਂਦਾ ਹੈ ਕਿ ਤੁਹਾਡੇ ਸਾਰੇ ਬੁਨਿਆਦੀ ਵਿਸ਼ੇ, ਖਾਸ ਕਰਕੇ ਗਣਿਤ, ਤੁਹਾਡੇ ਲਈ ਸਪੱਸ਼ਟ ਹੋਣ। ਤੁਹਾਨੂੰ ਸਕੂਲ ਵਿੱਚ ਸਿੱਖੀਆਂ ਗਈਆਂ ਸਾਰੀਆਂ ਬੁਨਿਆਦੀ ਗੱਲਾਂ ਦਾ ਪਤਾ ਹੋਣਾ ਚਾਹੀਦਾ ਹੈ। ਸਭ ਕੁਝ ਮਹੱਤਵਪੂਰਨ ਹੈ: ਇੱਕ ਮੁਕਾਬਲੇ ਦੀ ਪ੍ਰੀਖਿਆ ਵਿੱਚ, ਇੱਕ ਅੰਕ ਵੀ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ। ਇਸ ਲਈ, ਤੁਹਾਨੂੰ ਤਿਆਰੀ ਕਰਦੇ ਸਮੇਂ ਕੋਈ ਵੀ ਵਿਸ਼ਾ ਨਹੀਂ ਛੱਡਣਾ ਚਾਹੀਦਾ। ਭਾਵੇਂ ਤੁਹਾਨੂੰ ਕੋਈ ਵਿਸ਼ਾ ਔਖਾ ਲੱਗਦਾ ਹੈ, ਫਿਰ ਵੀ ਇਸਨੂੰ ਨਾ ਛੱਡੋ। ਉਸ ਵਿਸ਼ੇ ਨੂੰ ਬਾਰ ਬਾਰ ਪੜ੍ਹੋ ਜਾਂ ਆਪਣੇ ਅਧਿਆਪਕਾਂ ਦੀ ਮਦਦ ਲਓ। ਤੁਹਾਨੂੰ ਨਹੀਂ ਪਤਾ ਕਿ ਪ੍ਰੀਖਿਆ ਵਿੱਚ ਕੀ ਆਵੇਗਾ, ਇਸ ਲਈ ਤੁਹਾਨੂੰ ਸਾਰੇ ਵਿਸ਼ਿਆਂ ਦੀ ਚੰਗੀ ਤਰ੍ਹਾਂ ਤਿਆਰੀ ਕਰਨੀ ਚਾਹੀਦੀ ਹੈ। ਅਭਿਆਸ: ਜਿਵੇਂ ਕਿਹਾ ਜਾਂਦਾ ਹੈ, ਅਭਿਆਸ ਮਨੁੱਖ ਨੂੰ ਸੰਪੂਰਨ ਬਣਾਉਂਦਾ ਹੈ। ਤੁਹਾਨੂੰ ਨਕਲੀ ਯੋਗਤਾ ਟੈਸਟਾਂ ਲਈ ਜਾਣਾ ਚਾਹੀਦਾ ਹੈ। ਯੋਗਤਾ ਲਈ ਬਹੁਤ ਸਾਰੀਆਂ ਕਿਤਾਬਾਂ ਉਪਲਬਧ ਹਨ। ਇੰਟਰਨੈਟ ਯੋਗਤਾ ਟੈਸਟਾਂ ਨਾਲ ਭਰਿਆ ਹੋਇਆ ਹੈ ਜੋ ਮੁਫਤ ਹਨ। ਉਹਨਾਂ ਲਈ ਜਾਓ. ਜਿੰਨਾ ਜ਼ਿਆਦਾ ਤੁਸੀਂ ਅਭਿਆਸ ਕਰੋਗੇ, ਤੁਹਾਡੀ ਗਤੀ ਵਧੇਗੀ। ਤੁਹਾਨੂੰ ਕਈ ਤਰ੍ਹਾਂ ਦੇ ਸਵਾਲ ਵੀ ਮਿਲਣਗੇ, ਜੋ ਤੁਹਾਡੇ ਗਿਆਨ ਨੂੰ ਵਧਾ ਸਕਦੇ ਹਨ। ਇਹ ਵੀ ਸੰਭਵ ਹੈ ਕਿ ਤੁਸੀਂ ਉਹੀ ਪ੍ਰਸ਼ਨ ਪ੍ਰਾਪਤ ਕਰ ਸਕਦੇ ਹੋ ਜਿਸਦਾ ਤੁਸੀਂ ਟੈਸਟ ਵਿੱਚ ਅਭਿਆਸ ਕੀਤਾ ਸੀ। ਆਪਣੇ ਕਮਜ਼ੋਰ ਬਿੰਦੂਆਂ ਨੂੰ ਜਾਣੋ: ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕਿਹੜੇ ਵਿਸ਼ਿਆਂ ਵਿੱਚ ਪਿੱਛੇ ਰਹਿੰਦੇ ਹੋ। ਤੁਹਾਨੂੰ ਉਨ੍ਹਾਂ ਵਿਸ਼ਿਆਂ ਨੂੰ ਪਹਿਲਾਂ ਤਿਆਰ ਕਰਨਾ ਚਾਹੀਦਾ ਹੈ ਕਿਉਂਕਿ ਤੁਹਾਨੂੰ ਉਨ੍ਹਾਂ ਵਿਸ਼ਿਆਂ ਨੂੰ ਤਿਆਰ ਕਰਨ ਲਈ ਜ਼ਿਆਦਾ ਸਮਾਂ ਨਹੀਂ ਚਾਹੀਦਾ ਹੈ ਜਿਨ੍ਹਾਂ ਵਿੱਚ ਤੁਸੀਂ ਚੰਗੇ ਹੋ। ਸਮਾਂ ਬਰਬਾਦ ਨਾ ਕਰੋ: ਸਮਾਂ ਬਹੁਤ ਕੀਮਤੀ ਹੈ। ਜੇ ਤੁਸੀਂ ਕਿਸੇ ਸਵਾਲ 'ਤੇ ਫਸ ਜਾਂਦੇ ਹੋ ਅਤੇ ਤੁਹਾਨੂੰ ਕੋਈ ਰਸਤਾ ਨਹੀਂ ਮਿਲਦਾ, ਤਾਂ ਉਸ ਖਾਸ ਸਮੇਂ ਲਈ ਇਸ ਨੂੰ ਛੱਡ ਦਿਓ ਅਤੇ ਬਾਅਦ ਵਿਚ ਇਸ 'ਤੇ ਵਾਪਸ ਆਓ। ਕੋਸ਼ਿਸ਼ ਕਰਦੇ ਸਮੇਂ ਸਾਵਧਾਨ ਰਹੋ: ਜ਼ਿਆਦਾਤਰ ਟੈਸਟਾਂ ਵਿੱਚ ਨਕਾਰਾਤਮਕ ਮਾਰਕਿੰਗ ਹੁੰਦੀ ਹੈ। ਇਸ ਲਈ ਜੇਕਰ ਤੁਹਾਨੂੰ ਜਵਾਬ ਬਾਰੇ ਯਕੀਨ ਨਹੀਂ ਹੈ ਤਾਂ ਸਿਰਫ਼ ਸਵਾਲ ਦੀ ਕੋਸ਼ਿਸ਼ ਨਾ ਕਰੋ। ਆਪਣੇ ਜਵਾਬ ਨੂੰ ਸਹੀ ਨਾ ਮੰਨੋ। ਇੱਕ ਜ਼ੀਰੋ ਹਮੇਸ਼ਾ ਇੱਕ ਘਟਾਓ ਨਾਲੋਂ ਬਿਹਤਰ ਹੁੰਦਾ ਹੈ। ਅੰਤਰਾਲਾਂ ਤੋਂ ਬਚੋ: ਆਪਣੇ ਅਭਿਆਸ ਦੇ ਰੁਟੀਨ ਵਿੱਚ ਪਾੜੇ ਤੋਂ ਬਚੋ ਕਿਉਂਕਿ ਇਹ ਤੁਹਾਡੀ ਗਤੀ ਨੂੰ ਘਟਾ ਸਕਦਾ ਹੈ। ਵੱਡੇ ਫਰਕ ਤੁਹਾਨੂੰ ਭੁੱਲਣ ਵਾਲੇ ਬਣਾ ਸਕਦੇ ਹਨ। ਜੇ ਤੁਹਾਡੇ ਕੋਲ ਕਿਸੇ ਖਾਸ ਦਿਨ ਵਿਅਸਤ ਸਮਾਂ-ਸੂਚੀ ਹੈ, ਤਾਂ ਪ੍ਰਸ਼ਨਾਂ ਦਾ ਅਭਿਆਸ ਕਰਨ ਲਈ ਘੱਟੋ-ਘੱਟ 30 ਮਿੰਟ ਕੱਢਣ ਦੀ ਕੋਸ਼ਿਸ਼ ਕਰੋ। ਅਭਿਆਸ ਕੀਤੇ ਬਿਨਾਂ ਕੋਈ ਦਿਨ ਬਰਬਾਦ ਨਾ ਕਰੋ. ਇੱਕ ਤਾਜ਼ਾ ਮਨ ਰੱਖੋ: ਯੋਗਤਾ ਲਈ ਬਹੁਤ ਜ਼ਿਆਦਾ ਇਕਾਗਰਤਾ ਦੀ ਲੋੜ ਹੁੰਦੀ ਹੈ ਜੋ ਸਿਰਫ ਇੱਕ ਤਾਜ਼ੇ ਅਤੇ ਸ਼ਾਂਤ ਮਨ ਨੂੰ ਸਮਰਪਿਤ ਕੀਤੀ ਜਾ ਸਕਦੀ ਹੈ। ਜੇ ਤੁਹਾਡਾ ਕਿਸੇ ਨਾਲ ਝਗੜਾ ਹੋਇਆ ਹੈ ਜਾਂ ਤੁਸੀਂ ਘੱਟ ਮਹਿਸੂਸ ਕਰ ਰਹੇ ਹੋ ਜਾਂ ਤੁਸੀਂ ਮਨ ਨੂੰ ਮੋੜ ਲਿਆ ਹੈ, ਤਾਂ ਯੋਗਤਾ ਦਾ ਅਭਿਆਸ ਨਾ ਕਰੋ। ਜੇ ਤੁਸੀਂ ਇਸ ਮੌਕੇ 'ਤੇ ਯੋਗਤਾ ਦਾ ਅਭਿਆਸ ਕਰੋਗੇ, ਤਾਂ ਤੁਹਾਡੇ ਸਾਰੇ ਸਵਾਲ ਗਲਤ ਹੋ ਜਾਣਗੇ ਕਿਉਂਕਿ ਤੁਸੀਂ ਪੂਰੀ ਇਕਾਗਰਤਾ ਸਮਰਪਿਤ ਨਹੀਂ ਕਰ ਸਕੋਗੇ। ਆਪਣਾ ਧਿਆਨ ਰੱਖੋ: ਸਰੀਰ ਅਤੇ ਮਨ ਆਪਸ ਵਿੱਚ ਜੁੜੇ ਹੋਏ ਹਨ। ਸਿਹਤਮੰਦ ਮਨ ਲਈ, ਸਰੀਰ ਵੀ ਤੰਦਰੁਸਤ ਹੋਣਾ ਚਾਹੀਦਾ ਹੈ ਅਤੇ ਇਸਦੇ ਉਲਟ. ਚੰਗੀ ਤਰ੍ਹਾਂ ਸੌਂਵੋ ਅਤੇ ਚੰਗੀ ਤਰ੍ਹਾਂ ਖਾਓ। ਘੱਟ ਤੋਂ ਘੱਟ 6 ਘੰਟੇ ਦੀ ਨੀਂਦ ਲਓ। ਯੋਗਤਾ ਟੈਸਟ ਦੇ ਨੁਕਸਾਨ ਯੋਗਤਾ ਟੈਸਟਾਂ ਦੇ ਇਹਨਾਂ ਸਾਰੇ ਫਾਇਦਿਆਂ ਦੇ ਨਾਲ, ਉਹਨਾਂ ਨਾਲ ਜੁੜੇ ਨੁਕਸਾਨ ਵੀ ਆਉਂਦੇ ਹਨ। ਯੋਗਤਾ ਟੈਸਟਾਂ ਦੇ ਨੁਕਸਾਨ ਹਨ: ਮਹਿੰਗਾ: ਯੋਗਤਾ ਟੈਸਟ ਕਰਵਾਉਣਾ ਜਾਂ ਇਸ ਦਾ ਪ੍ਰਬੰਧ ਕਰਨਾ ਕਾਫ਼ੀ ਮਹਿੰਗਾ ਹੈ। ਇਸ ਖਰਚੇ ਨੂੰ ਪੂਰਾ ਕਰਨ ਲਈ, ਇਹ ਪ੍ਰੀਖਿਆਵਾਂ ਕਰਵਾਉਣ ਵਾਲੀਆਂ ਸੰਸਥਾਵਾਂ ਜਾਂ ਸੰਸਥਾਵਾਂ ਇਸ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਤੋਂ ਮੋਟੀ ਰਕਮ ਵਸੂਲਦੀਆਂ ਹਨ। ਭਰਤੀ ਲਈ ਯੋਗਤਾ ਟੈਸਟ ਦੀ ਵਰਤੋਂ ਕਰਨ ਵਾਲੀਆਂ ਕੰਪਨੀਆਂ ਨੂੰ ਇਨ੍ਹਾਂ ਟੈਸਟਾਂ 'ਤੇ ਬਹੁਤ ਸਾਰਾ ਪੈਸਾ ਖਰਚ ਕਰਨਾ ਪੈਂਦਾ ਹੈ ਕਿਉਂਕਿ ਹਾਜ਼ਰ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਹਰ ਵੱਖਰੀ ਕਿਸਮ ਦੀ ਨੌਕਰੀ ਲਈ, ਕੰਪਨੀ ਨੂੰ ਟੈਸਟ ਨੂੰ ਸੋਧਣਾ ਪੈਂਦਾ ਹੈ ਜੋ ਲਾਗਤ ਵਿੱਚ ਵਾਧਾ ਕਰਦਾ ਹੈ। ਤਣਾਅਪੂਰਨ: ਯੋਗਤਾ ਟੈਸਟ ਕਾਫ਼ੀ ਤਣਾਅਪੂਰਨ ਹੁੰਦੇ ਹਨ। ਇਮਤਿਹਾਨ ਲਈ ਹਾਜ਼ਰ ਹੋਣ ਵਾਲਾ ਵਿਅਕਤੀ ਟੈਸਟ ਤੋਂ ਪਹਿਲਾਂ ਅਤੇ ਦੌਰਾਨ ਆਪਣਾ ਪੂਰਾ ਮਨ ਇਸ ਨੂੰ ਸਮਰਪਿਤ ਕਰਦਾ ਹੈ। ਜੇਕਰ ਵਿਅਕਤੀ ਪਲੇਸਮੈਂਟ ਜਾਂ ਕਿਸੇ ਹੋਰ ਫਲਦਾਇਕ ਉਦੇਸ਼ ਲਈ ਟੈਸਟ ਲਈ ਹਾਜ਼ਰ ਹੋਇਆ, ਤਾਂ ਉਹ ਨਤੀਜੇ ਲਈ ਤਣਾਅ ਵਿੱਚ ਹੋਵੇਗਾ। ਇਸ ਨਾਲ ਤਣਾਅ ਦਾ ਪੱਧਰ ਵਧਦਾ ਹੈ। ਸਭ ਕੁਝ ਨਹੀਂ ਦੱਸ ਸਕਦਾ: ਯੋਗਤਾ ਟੈਸਟ ਸਿਰਫ਼ ਤੁਹਾਡੇ ਕਮਜ਼ੋਰ ਅਤੇ ਮਜ਼ਬੂਤ ਖੇਤਰਾਂ ਨੂੰ ਦੱਸ ਸਕਦੇ ਹਨ, ਪਰ ਇਹ ਇਹ ਨਹੀਂ ਦੱਸ ਸਕਦੇ ਕਿ ਤੁਸੀਂ ਨਵੀਆਂ ਚੀਜ਼ਾਂ ਕਿੰਨੀ ਚੰਗੀ ਤਰ੍ਹਾਂ ਸਿੱਖ ਸਕਦੇ ਹੋ। ਇਹ ਸਿਰਫ਼ ਤੁਹਾਡੀਆਂ ਕੁਦਰਤੀ ਯੋਗਤਾਵਾਂ ਅਤੇ ਬੁੱਧੀ ਬਾਰੇ ਦੱਸਦਾ ਹੈ, ਤੁਹਾਡੀਆਂ ਰੁਚੀਆਂ ਬਾਰੇ ਨਹੀਂ। ਇਸ ਤੋਂ ਇਲਾਵਾ, ਇਹ ਸਿਰਫ਼ ਤੁਹਾਡੇ ਮਨ ਬਾਰੇ ਦੱਸਦਾ ਹੈ, ਤੁਹਾਡੀ ਸ਼ਖ਼ਸੀਅਤ ਬਾਰੇ ਨਹੀਂ। ਉਦਾਹਰਨ ਲਈ, ਤੁਹਾਡੇ ਯੋਗਤਾ ਟੈਸਟ ਦੇ ਨਤੀਜੇ ਦੱਸਦੇ ਹਨ ਕਿ ਤੁਸੀਂ ਵਿਕਰੀ ਅਤੇ ਮਾਰਕੀਟਿੰਗ ਦੇ ਖੇਤਰ ਵਿੱਚ ਚੰਗੇ ਹੋਵੋਗੇ ਪਰ ਤੁਹਾਡੇ ਕੋਲ ਗਾਹਕਾਂ ਨਾਲ ਗੱਲਬਾਤ ਕਰਨ ਲਈ ਲੋੜੀਂਦੇ ਬੋਲਣ ਦੇ ਹੁਨਰ ਅਤੇ ਵਿਸ਼ਵਾਸ ਦੀ ਘਾਟ ਹੈ, ਤੁਸੀਂ ਇਹਨਾਂ ਖੇਤਰਾਂ ਵਿੱਚ ਸਫਲਤਾ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਵੋਗੇ। ਨਾਲ ਹੀ, ਟੈਸਟ ਨਹੀਂ ਹੋ ਸਕਦੇਆਪਣੀ ਕਲਾਤਮਕ ਸਮਰੱਥਾ ਦਾ ਅੰਦਾਜ਼ਾ ਲਗਾਓ। ਸਿੱਟਾ ਫਾਇਦਿਆਂ ਅਤੇ ਨੁਕਸਾਨਾਂ ਦੋਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਤੁਹਾਡੇ ਯੋਗਤਾ ਟੈਸਟ ਦੇ ਨਤੀਜੇ ਕੀ ਕਹਿੰਦੇ ਹਨ ਉਸ 'ਤੇ ਕਾਇਮ ਨਾ ਰਹੋ। ਕੈਰੀਅਰ ਦੀ ਚੋਣ ਕਰਨ ਲਈ, ਪ੍ਰੀਖਿਆ ਦੇਣ ਵਿੱਚ ਕੋਈ ਹਰਜ਼ ਨਹੀਂ ਹੈ ਪਰ ਉਹੀ ਕਰਨਾ ਜੋ ਨਤੀਜਾ ਕਹਿੰਦਾ ਹੈ ਸਹੀ ਨਹੀਂ ਹੈ। ਡੂੰਘਾਈ ਨਾਲ ਸੋਚੋ ਅਤੇ ਪ੍ਰੀਖਿਆ ਦੇ ਨਤੀਜੇ ਨੂੰ ਆਪਣੀ ਦਿਲਚਸਪੀ ਅਤੇ ਆਪਣੀ ਸ਼ਖਸੀਅਤ ਨਾਲ ਜੋੜੋ ਅਤੇ ਫਿਰ ਕੈਰੀਅਰ ਦੀ ਚੋਣ ਕਰਨ ਦਾ ਫੈਸਲਾ ਕਰੋ। ਜੇਕਰ ਤੁਸੀਂ ਹੋਰ ਉਦੇਸ਼ਾਂ, ਯਾਨੀ ਪਲੇਸਮੈਂਟ ਜਾਂ ਕਿਸੇ ਹੋਰ ਚੀਜ਼ ਲਈ ਟੈਸਟ ਲਈ ਹਾਜ਼ਰ ਹੋ ਰਹੇ ਹੋ, ਤਾਂ ਇਸਦੀ ਤਿਆਰੀ ਕਰੋ। ਟੈਸਟ ਆਸਾਨ ਨਹੀਂ ਹੋਵੇਗਾ।







The Mortgage Centre
We work for *you*, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.
Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services



URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com

CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED IN YOUR NEIGHBOURHOOD

**Sandalwood & Sunny Meadow Blvd**



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

**James Potter/Queen/Bonnie Brae**



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Bramalea/Father Tobin /Fernfor**



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232
JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT



LOCAL & LONG DISTANCE MOVING

H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES


afc
Asian Food Centre
WE'RE HERE TO SERVE
ONLY THE BEST
PRODUCTS FOR YOU.
FRESH
FRUITS &
VEGETABLES
Healthy
& fresh
grocery
Variety of
Indian Sweets
Available
OPEN
NOW
340 Woodlawn RD
Guelph, N1H 7K6
ETOBICOKE
10 Westmore Dr.
416-740-3262
MEAT SHOP AVAILABLE
MISSISSAUGA
1075 Ceremonial Dr
905-502-1600
MEAT SHOP AVAILABLE
BRAMPTON
621 Wanless Dr.
905-495-3336
MEAT SHOP AVAILABLE
BRAMPTON
2120 N Park Dr.
905-793-1338
MEAT SHOP AVAILABLE
BRAMPTON
80 Pertosa Dr.
905-460-0009
TOLL FREE
1-800-708-9232
BRAMPTON
40 Airport RD & Lacoste Blvd.
905-794-8109
MEAT SHOP AVAILABLE
BRAMPTON
10510 Torbram Rd.
905-790-0030
BRAMPTON
10 Pannahill Dr.
905-913-8017
MEAT SHOP AVAILABLE
GUELPH
340 Woodlawn Rd W
226-669-0004
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media